# ਲੋਕਤਾ

ਜੂਨ - 1986

**June - 1986**

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਅਮਰਜੀਤ ਸੂਫੀ ਦੀ ਨਿੱਜੀ ਲਾਇਬ੍ਰੇਰੀ।

# LOKTA ਲੋਕਤਾ

**JUNE 1986** **Vol. 11 No. 6** **Monthly Magazine** **2nd class Mail Reg. No. 6794**



ਨਸਲੀ ਭੇਦ ਭਾਵ ਦੀਆਂ ਜੰਜ਼ੀਰਾਂ ਤੋੜਨ ਲਈ
ਦੱਖਣੀ ਅਫ਼ਰੀਕਾਂ ਦੇ ਲੋਕਾਂ ਦੀ ਵਹੀਰ

ਪੰਜਾਬੀ ਦਾ ਸਾਹਿਤਕ, ਸਭਿਆਚਾਰਕ ਅਤੇ ਆਮ ਜਾਣਕਾਰੀ ਦੇਣ ਵਾਲਾ ਮਾਸਕ ਪੱਤਰ

## LOKTA BOARD

**MANAGER**
Surjit S. Sohal
271-6728

**PUBLISHER**
Piara Singh Basi
591-8580

## EDITORIAL BOARD

'Soofi' Amarjit 581-7811
Surinder S. Sangha 588-5217
Mohinder S. Soomel 327-6461
Gurnam Singh Sanghera 325-1362

## CIRCULATION

Harkewal S. Dhaliwal
Kulwant Singh

## ADVERTISEMENT

Jasbir Beeka
Amarjit Chatha
Iqbal S. Kahlon
Jaspal S. Sandhu

## LOKTA REPRESENTATIVE

| | |
|---|---|
| Ranjit S. Sandhu | Williams Lake (392-7405) |
| Surinder S. Johal | Edmonton (461-6073) |
| Nirmal S. Dhindsa | Brampton (453-8149) |
| Lehamber S. Pooni | Toronto (671-2296) |
| Rajinder S. Dhaliwal | Winnipeg (633-5229) |
| Avtar S. Grewal | Penticton (493-4803) |
| Hardev S. Rai | Calgary (293-3467 |
| Hakam S. Hans | Prince Rupert (624-3284 |
| Surjit S. Bopanrai | Quesnel (992-3849) |
| Balbir S. Grewal | Mission City (826-4388) |



The
# Lokta

P.O.BOX 67534 STN. 'O'
VANCOUVER, B.C. V5W 3T9

**Monthly Magazine — 2nd class Mail Reg. No. 6794**

ਸਾਲਾਨਾ ਚੰਦਾ 15 ਡਾਲਰ

JUNE 1986 Vol. 11 No. 6


## ਅੰਦਰ ਪੜ੍ਹੋ :-


- ਐਡੀਟੋਰੀਅਲ — 3-5
- ਦੱਖਣੀ ਅਫਰੀਕਾ — 6
- ਜੰਮੂ ਕਸ਼ਮੀਰ — 7
- ਜ਼ਿਆ ਦੀ ਪੱਤੇਬਾਜ਼ੀ - 8
- ਬਾਗੀ ਅਕਾਲੀ — 9
- ਪਾਕਿ ਨੂੰ ਹਥਿਆਰ — 10
- ਅਫਗਾਨਸਤਾਨ ਇਨਕਲਾਬ ਮਗਰੋਂ — 11
- ਕਵਿਤਾ — 12
- ਜੇ ਅਤਿਵਾਦੀ ਨਾ ਕੱਢੇ ਜਾਂਦੇ - 13
- ਦਹਿਸ਼ਤਵਾਦ ਪੰਜਾਬੀਆਂ ਨੂੰ ਵੰਗਾਰ — 14
- ਕਵਿਤਾਵਾਂ — 16-17
- ਕਹਾਣੀ — 19
- ਆਜ਼ਾਦ ਵਪਾਰ ਦਾ ਦੈਂਤ — 22
- ਕਨੇਡੀਅਨ ਰਿਫੀਊਜ਼ੀ ਮਸਲਾ — 25
- ਵਿਕਾਸ ਸ਼ੀਲ ਦੇਸ਼ਾਂ ਦੇ ਕਰਜ਼ੇ — 29


ਲੇਖਕ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ

# ਦੱਖਣੀ ਅਫਰੀਕਾ ਦੇ ਨਸਲਵਾਦੀਆਂ ਦੀ ਬਰਬਤਾ

ਦੱਖਣੀ ਅਫਰੀਕਾ ਦੀ ਨਸਲਵਾਦੀ ਬੋਥਾ ਸਰਕਾਰ ਵਲੋਂ ਤਿੰਨ ਮੁਲਕਾਂ, ਜ਼ਾਂਬੀਆ, ਜਿੰਮਬਾਬੇ ਅਤੇ ਬੋਤਸਵਾਨਾ ਉਪਰ 19 ਮਈ ਦੀ ਸਵੇਰ ਨੂੰ ਕੀਤੇ ਬਰਬਤਾ ਪੂਰਨ ਗੈਰ ਮਨੁੱਖੀ ਹਮਲੇ ਦੀ ਸਾਰੀ ਦੁਨੀਆਂ ਦੇ ਦੇਸ਼ਾਂ ਨੇ ਸਖਤ ਨਿਖੇਧੀ ਕੀਤੀ ਹੈ। ਹੈਂਕੜਬਾਜ਼ ਨਸਲਵਾਦੀ ਬੋਥਾ ਨੇ ਇਸ ਹਮਲੇ ਨੂੰ ਹੱਕੀ ਠਹਿਰਾਇਆ ਹੈ ਅਤੇ ਭਵਿਖ ਵਿਚ ਹੋਰ ਹਮਲੇ ਕਰਨ ਦੀ ਵੀ ਧਮਕੀ ਦਿਤੀ ਹੈ। ਉਸ ਵਲੋਂ ਇਹ ਹਮਲੇ ਦੱਖਣੀ ਅਫਰੀਕਾ ਵਿਚ ਮਨੁੱਖੀ ਅਧਿਕਾਰਾਂ, ਬਰਾਬਰਤਾ, ਜਮਹੂਰੀਅਤ ਅਤੇ ਨਸਲੀ ਭੇਦਭਾਵ ਦੀ ਨੀਤੀ ਨੂੰ ਖਤਮ ਕਰਾਉਣ ਵਾਲੀ ਦੱਖਣੀ ਅਫਰੀਕਾ ਦੇ ਲੋਕਾਂ ਦੀ ਜੁਝਾਰੂ ਜਥੇਬੰਦੀ **ਅਫਰੀਕਨ ਨੈਸ਼ਨਲ ਕਾਂਗਰਸ** ਦੇ ਸੰਘਰਸ਼ ਨੂੰ ਖਤਮ ਕਰਨ ਲਈ ਅਤੇ ਜਥੇਬੰਦੀ ਦੇ ਆਗੂਆਂ ਨੂੰ ਖਤਮ ਕਰਨ ਲਈ ਕੀਤੇ ਗਏ।

ਨਸਲੀ ਭੇਦ ਭਾਵ ਵਾਲੀ ਬੋਥਾ ਸਰਕਾਰ ਨੇ ਇਹ ਹਮਲੇ ਅਮਰੀਕਨ ਅਤੇ ਬਰਤਾਨਵੀ ਸਾਮਰਾਜੀਆਂ ਨਾਲ ਰਾਜਨੀਤਕ ਇਕਸੁਰਤਾ ਤੋਂ ਬਿਨਾਂ ਨਹੀਂ ਕੀਤੇ। ਸਾਮਰਾਜੀ ਦੇਸ਼ਾਂ ਦੀਆਂ ਬਹੁ-ਕੌਮੀ ਕਾਰਪੋਰੇਸ਼ਨਾਂ ਹਰ ਸਾਲ ਦਾ ਅਫਰੀਕਾ ਵਿਚੋਂ ਅਰਬਾਂ ਡਾਲਰ ਦੀ ਮੁਨਾਫਿਆਂ ਰਾਹੀਂ ਲੁਟ ਕਰਦੀਆਂ ਹਨ। ਜਿਨ੍ਹਾਂ ਮੁਨਾਫਿਆਂ ਨੂੰ ਬਚਾਉਣ ਲਈ ਹੀ ਸਾਮਰਾਜੀ ਨਸਲੀ ਭੇਦਭਾਵ ਵਾਲੀ ਸਰਕਾਰ ਨੂੰ ਕਾਇਮ ਰੱਖਣਾ ਚਾਹੁੰਦੇ ਹਨ ਜਾਂ ਕੋਈ ਅਜਿਹੇ ਤਬਦੀਲੀ ਚਾਹੁੰਦੇ ਹਨ ਜਿਸ ਦੁਆਰਾ ਉਥੇ ਇਨ੍ਹਾਂ ਦੀ ਲੁੱਟ ਉਪਰ ਕੋਈ ਅਸਰ ਨਾ ਪਵੇ। ਇਹੋ ਕਾਰਨ ਹੈ ਕਿ ਯੂ. ਐਨ. ਓ. ਵਿਚ ਸਕਿਉਰਿਟੀ ਕੌਂਸਲ ਦੇ ਤਾਜ਼ਾ ਮਤੇ ਕਿ ਦੱਖਣੀ ਅਫਰੀਕਾ ਉਪਰ ਆਰਥਕ ਪਾਬੰਦੀਆਂ ਲਾਈਆਂ ਜਾਣ, ਵਿਰੁੱਧ ਅਮਰੀਕਾ ਅਤੇ ਇੰਗਲੈਂਡ ਨੇ ਵੀਟੋ ਦਾ ਅਧਿਕਾਰ ਵਰਤ ਕੇ ਦੱਖਣੀ ਅਫਰੀਕਾ ਦੇ ਹਮਲਿਆਂ ਨੂੰ ਦਰੁਸਤ ਕਰਾਰ ਦਿੱਤਾ ਹੈ।

ਕੈਨੇਡਾ ਨੇ ਭਾਵੇਂ ਇਸ ਹਮਲੇ ਦੀ ਨਿਖੇਧੀ ਕੀਤੀ ਹੈ ਅਤੇ ਆਰਥਕ ਸੰਬੰਧ ਤੋੜਨ ਦੀ ਗੱਲ ਵੀ ਕੀਤੀ ਹੈ, ਪ੍ਰੰਤੂ ਇਹ ਸਭ ਮੂੰਹ ਰਾਖਵੀਆਂ ਗੱਲਾਂ ਤੋਂ ਬਿਨਾਂ ਕੁਝ ਮੁਲ ਨਹੀਂ ਰਖਾਉਂਦੀਆਂ।

ਪਿਛਲੇ ਦੋ ਸਾਲਾਂ ਤੋਂ ਦੱਖਣੀ ਅਫਰੀਕਾ ਦੇ ਕਾਲੇ, ਏਸ਼ੀਅਨ ਅਤੇ ਮਿਲੀ ਜੁਲੀ ਨਸਲ ਦੇ ਲੋਕ ਨਸਲੀ ਭੇਦਭਾਵ ਨੂੰ ਖਤਮ ਕਰਨ ਲਈ ਹਜ਼ਾਰਾਂ ਕੁਰਬਾਨੀਆਂ ਦੇ ਚੁੱਕੇ ਹਨ ਅਤੇ ਲਗਾਤਾਰ ਕਸ਼ਟ ਸਹਿਣ ਕਰ ਰਹੇ ਹਨ। ਹਜ਼ਾਰਾਂ ਦੇਸ਼ ਭਗਤ ਜੇਲ੍ਹਾਂ ਵਿਚ ਹਨ ਜਿਨ੍ਹਾਂ ਵਿਚ ਲੋਕਾਂ ਦਾ ਹਰਮਨ ਪਿਆਰਾ ਆਗੂ ਨੈਲਸਨ ਮੰਡੇਲਾ ਵੀ ਹੈ, ਅਤੇ ਹਜ਼ਾਰਾਂ ਦੇਸ਼ ਭਗਤ ਜਲਾਵਤਨੀ ਦੇ ਦਿਨ ਕੱਟ ਰਹੇ ਹਨ।

ਰੰਗਦਾਰ ਲੋਕਾਂ ਦੇ ਇਸ ਘੋਲ ਦੀ ਹਿਮਾਇਤ ਵਿਚ ਕਾਫੀ ਗਿਣਤੀ ਵਿਚ ਨੌਜੁਆਨ ਗੋਰੇ ਅਤੇ ਛੋਟੇ ਦਰਮਿਆਨੇ ਵਪਾਰੀ ਵੀ ਅਗੇ ਆ ਰਹੇ ਹਨ। ਦੂਜੇ ਪਾਸੇ ਕੱਟੜ ਨਸਲਵਾਦੀ ਬੋਥਾ ਸਰਕਾਰ ਵਲੋਂ ਨਿਕੇ ਜਿਹੇ ਝੁਕਣ ਦੇ ਕਦਮ ਨੂੰ ਵੀ ਬਰਦਾਸ਼ਤ ਕਰਨ ਲਈ ਤਿਆਰ ਨਹੀਂ ਹਨ। ਜਿਉਂ ਜਿਉਂ ਲੋਕਾਂ ਦਾ ਦ੍ਰਿੜ ਸੰਘਰਸ਼ ਏਕਤਾ ਉਸਾਰਦਾ ਅਗੇ ਵਧ ਰਿਹਾ ਹੈ, ਨਸਲਵਾਦੀਆਂ ਦੀਆਂ ਸਫਾਂ ਵਿਚ ਤਰੇੜਾਂ ਆਉਣ ਲੱਗੀਆਂ ਹਨ। ਇਸੇ ਲਈ ਹੀ ਜਾਬਰ ਹਾਕਮਾਂ ਨੇ ਇਹ ਹਮਲੇ ਕੀਤੇ ਹਨ ਅਤੇ ਬੋਥਾ ਨੇ ਮੁਲਕ ਅੰਦਰ ਅਤੇ ਦੁਨੀਆਂ ਭਰ ਵਿਚ ਨਸਲੀ ਭੇਦ-ਭਾਵ ਵਿਰੁੱਧ ਉਠੀ ਵਿਸ਼ਾਲ ਲਹਿਰ ਦੇ ਅਸਰ ਨੂੰ ਘਟਾਉਂਦਿਆਂ ਇਹ ਮੰਨਿਆ ਹੈ ਕਿ "ਅਸੀਂ ਚੋਪੜੀਆਂ ਤਜ਼ਵੀਜ਼ਾਂ ਦੇ ਭੁਲੇਖਿਆਂ ਵਿਚ ਨਹੀਂ ਆਉਣਾ। ਜੇਕਰ ਅਸੀਂ ਇਕ ਜੁੱਟ ਹੋ ਕੇ ਖੜੀਏ ਤਾਂ ਦੱਖਣੀ ਅਫਰੀਕਾ ਵਿਚ ਅਫਰੀਕਨ ਨੈਸ਼ਨਲ ਕਾਂਗਰਸ ਨੂੰ ਤਬਾਹ ਕਰਨ ਦੀ ਪੂਰੀ ਤਾਕਤ ਹੈ।" ਏਕਤਾ ਨੂੰ ਤੋੜਨ ਲਈ ਅਤੇ ਜਿੱਤ ਦਾ ਦਿਨ ਪਿਛੇ ਪਾਉਣ ਲਈ ਹਾਕਮ ਆਪਣੇਆਂ ਸਾਜ਼ਸ਼ਾਂ ਦੁਆਰਾ ਕਾਲਿਆਂ ਨੂੰ ਕਾਲਿਆਂ ਨਾਲ ਲੜਾਉਣ ਦੀ ਖੇਡ ਵੀ ਖੇਡ ਰਹੇ ਹਨ, ਪ੍ਰੰਤੂ ਸਿਆਣੀ ਲੀਡਰਸ਼ਿਪ ਅਤੇ ਲੋਕ ਮਿਲਕੇ ਹਾਕਮਾਂ ਦੀ ਅਜਿਹੀ ਸਾਜ਼ਸ਼ ਨੂੰ ਫੇਲ ਕਰ ਦੇਣਗੇ।

ਹਮੇਸ਼ਾਂ ਹੀ ਲੋਕ ਵਿਰੋਧੀ ਧਕੜ ਹਾਕਮ ਅਜਿਹੇ ਹੀ ਬਿਆਨ ਦਿੰਦੇ ਹਨ ਜਦੋਂ ਉਨ੍ਹਾਂ ਨੂੰ ਆਪਣਾ ਅੰਤ ਨਜ਼ਰ ਆਉਣ ਲਗਦਾ ਹੈ। ਈਰਾਨ ਦੇ ਸ਼ਾਹ, ਫਿਲਪੀਨ ਦੇ ਮਾਰਕੋਸ ਆਦਿ ਅਜਿਹੇ ਪ੍ਰਭਾਵ ਹੀ ਦਿੰਦੇ ਰਹੇ ਹਨ।

ਸਾਨੂੰ ਪੂਰਨ ਵਿਸ਼ਵਾਸ਼ ਹੈ ਕਿ ਦੱਖਣੀ ਅਫਰੀਕਾ ਦੇ ਲੋਕ ਨਸਲੀ ਭੇਦਭਾਵ ਦੀਆਂ ਕੜੀਆਂ ਨੂੰ ਤੋੜ ਕੇ ਹੀ ਦਮ ਲੈਣਗੇ, ਜੋ ਕਿ ਸਾਮਰਾਜ ਦੇ ਅੰਤ ਵੱਲ ਇਕ ਹੋਰ ਦ੍ਰਿੜ ਕਦਮ ਹੋਵੇਗਾ।

# ਕੈਨੇਡੀਅਨ ਨੈਸ਼ਨਲ ਰੇਲਵੇ ਉਪਰ ਟੋਰੀ ਹਮਲਾ

ਕੈਨੇਡਾ ਦੀ ਕੰਜ਼ਰਵੇਟਿਵ ਸਰਕਾਰ ਜਦੋਂ ਤੋਂ ਤਾਕਤ ਵਿਚ ਆਈ ਹੈ ਤਾਂ ਇਸ ਨੇ ਜਿਸ ਨੀਤੀ ਨੂੰ ਧਾਰਨ ਕੀਤਾ ਹੋਇਆ ਹੈ ਉਹ ਹੈ ਕੌਮੀ ਕਾਰਪੋਰੇਸ਼ਨਾਂ, ਜਿਨ੍ਹਾਂ ਨੂੰ "ਕਰਾਊਨ ਕਾਰਪੋਰੇਸ਼ਨਾਂ" ਵੀ ਕਹਿੰਦੇ ਹਨ। ਇਕ ਇਕ ਕਰਕੇ ਪਬਲਿਕ ਸੈਕਟਰ ਵਿਚੋਂ ਖਤਮ ਕਰਕੇ, ਇਨ੍ਹਾਂ ਨੂੰ ਪਰਾਈਵੇਟ ਕੰਪਨੀਆਂ ਦੇ ਹਵਾਲੇ ਕਰਨਾ ਹੈ ਇਹ ਕੁਝ ਬੱਚਤ ਅਤੇ ਬੱਜਟ ਦੇ ਘਾਟੇ ਪੂਰੇ ਕਰਨ ਦੇ ਨਾਂ ਉਤੇ ਕੀਤਾ ਜਾ ਰਿਹਾ ਹੈ। ਇਨ੍ਹਾਂ ਕਾਰਪੋਰੇਸ਼ਨਾਂ ਵਿਚ ਏਅਰ ਕੈਨੇਡਾ, ਕੈਨੇਡੀਅਨ ਬਰਾਡਕਾਸਟਿੰਗ ਕੰਪਨੀ (ਸੀ. ਬੀ. ਸੀ.) ਕੈਨੇਡੀਅਨ ਨੈਸ਼ਨਲ ਰੇਲਵੇ (ਸੀ. ਐਨ. ਆਰ.) ਪੋਸਟ ਆਫਿਸ ਆਦਿ ਹਨ।

ਇਹ ਕਾਰਪੋਰੇਸ਼ਨਾਂ ਵਿਆਪਕ ਤੌਰ ਉਪਰ ਕੌਮੀ ਹਿੱਤਾਂ ਵਿਚ ਕੰਮ ਕਰਦੀਆਂ ਆ ਰਹੀਆਂ ਹਨ। ਪ੍ਰੰਤੂ ਇਨ੍ਹਾਂ ਨੂੰ ਸਹਿਜੇ ਸਹਿਜੇ ਪੜਾ ਦਰ ਪੜਾ ਸਰਕਾਰ ਆਪਣੇ ਹੱਥੋਂ ਪਰੇ ਸੁੱਟਣਾ ਚਾਹੁੰਦੀ ਹੈ।

ਸੀ. ਐਨ. ਆਰ. ਇਕ ਅਜਿਹੀ ਰੇਲਵੇ ਕੰਪਨੀ ਹੈ ਜੋ ਕਿ ਸਰਕਾਰੀ ਖੇਤਰ ਵਿਚ ਅਤੇ ਕੌਮੀ ਪੱਧਰ ਉਪਰ ਇਕ ਅਹਿਮ ਰੋਲ ਅਦਾ ਕਰ ਰਹੀ ਹੈ। ਲੰਘੀ ਸਦੀ ਵਿਚ ਸੀ ਐਨ ਆਰ ਇਕ "ਕੌਮੀ ਸੁਪਨਾ" ਬਣਿਆ ਰਿਹਾ ਜਿਸ ਨਾਲ ਦੇਸ਼ ਦੀ ਆਰਥਕਤਾ ਅਤੇ ਆਮ ਲੋਕਾਂ ਦੀ ਹਾਲਤ ਬੜੀ ਨੇੜੇ ਕਰਕੇ ਜੁੜੀ ਰਹੀ ਹੈ ਅਤੇ ਹੁਣ ਵੀ ਹੈ।

ਕੀ ਸੀ. ਐਨ. ਆਰ. ਇਕ ਘਾਟੇ ਵਾਲੀ ਕੰਪਨੀ ਹੈ? ਨਹੀਂ। ਇਸ ਨੇ 1984 ਵਿਚ 400 ਮਿਲੀਅਨ ਅਤੇ 1985 ਵਿਚ ਵੀ ਏਨਾ ਹੀ ਨਫਾ ਕਮਾਇਆ ਹੈ। ਇਹੋ ਕਾਰਨ ਹੈ ਕਿ ਸਰਮਾਏਦਾਰਾਂ ਦੇ ਹਿਤਾਂ ਦੀ ਪੂਰਤੀ ਵਾਲੀ ਇਹ ਸਰਕਾਰ ਇਸ ਨੂੰ ਪਰਾਈਵੇਟ ਹਥਾਂ ਵਿਚ ਦੇਣਾ ਚਾਹੁੰਦੀ ਹੈ। ਜੇਕਰ ਇਹ ਘਾਟੇ ਵਾਲੀ ਕੰਪਨੀ ਹੁੰਦੀ ਤਾਂ ਅਜਿਹਾ ਨਾ ਕੀਤਾ ਜਾਂਦਾ। ਸਗੋਂ ਸਾਡੇ ਕੋਲ ਸਬੂਤ ਹੈ ਕਿ "ਗਲਫ" ਵਰਗੀ ਪ੍ਰਾਈਵੇਟ ਕੰਪਨੀ ਨੂੰ ਘਾਟੇ ਵਿਚ ਜਾਣ ਕਾਰਨ ਸਰਕਾਰ ਨੇ ਆਪ ਖਰੀਦਿਆ ਹੈ।

ਸੀ. ਐਨ. ਆਰ. ਨੂੰ ਪ੍ਰਾਈਵੇਟ ਹੱਥਾਂ ਵਿਚ ਦੇਣ ਦੇ ਪਹਿਲੇ ਕਦਮ ਨੂੰ ਰੀਆਰਗੇਨਾਈਜੇਸ਼ਨ ਦਾ ਨਾਂ ਦਿੱਤਾ ਗਿਆ ਜੋ ਪਹਿਲਾਂ ਬੀ. ਸੀ. ਉਪਰ ਲਾਗੂ ਕੀਤੀ ਜਾ ਰਹੀ ਹੈ। ਇਸ ਅਨੁਸਾਰ 1983 ਤੋਂ ਮਗਰੋਂ ਇਸ ਵਿਚ ਪੱਕੀ "ਟਰੈਕ-ਫੋਰਸ" ਨੂੰ ਕੰਮਾਂ ਤੋਂ ਹੱਥ ਧੋਣਾ ਪਵੇਗਾ। ਅਤੇ ਹੋਰਨਾਂ ਅਨੇਕਾਂ ਨੂੰ ਬੇਘਰ ਹੋਣਾ ਪਵੇਗਾ ਭਾਵ ਘਰਾਂ ਤੋਂ ਦੂਰ ਸੁੱਟ ਦਿਤਾ ਜਾਵੇਗਾ। ਇਸ ਨਾਲ ਕਾਮਿਆਂ ਦੀ ਪਰਵਾਰਕ ਜ਼ਿੰਦਗੀ ਉਪਰ ਬੜਾ ਮਾਰੂ ਅਸਰ ਪਵੇਗਾ।

ਐਕਸਟਰਾ ਗੈਂਗਾਂ ਵਿਚ ਭਾਵ ਹਾੜਾਂ ਦੇ ਮਹੀਨਿਆਂ ਵਿਚ ਜੋ ਟੈਂਪਰੇਰੀ ਤੌਰ ਉਪਰ ਹਰ ਸਾਲ ਹਜ਼ਾਰਾਂ ਕਾਮੇ ਕੰਮ ਕਰਦੇ ਸਨ ਇਸ ਸਾਲ ਉਨ੍ਹਾਂ ਦੀ ਗਿਣਤੀ ਅੱਧ ਤੋਂ ਵੀ ਘਟ ਹੈ। ਉਨ੍ਹਾਂ ਦਾ ਅਗਲੇ ਸਾਲ ਕੀ ਹੋਵੇਗਾ ਅੰਦਾਜ਼ਾ ਸੌਖਿਆਂ ਲਾਇਆ ਜਾ ਸਕਦਾ ਹੈ। ਇਸ ਹਰ ਕੱਚੇ ਜਾਂ ਪੱਕੇ ਰੇਲਵੇ ਕਾਮੇ ਨੂੰ ਇਕ ਮੁੱਠ ਹੋ ਕੇ ਖਲੋਣ ਦੀ ਲੋੜ ਹੈ।

ਕੀ ਇਸ ਲਈ ਟਰੈਕ ਕਾਮਿਆਂ ਦੀ ਯੂਨੀਅਨ ਕੁਝ ਕਰ ਰਹੀ ਹੈ? ਸਿਤਮ

ਜ਼ਰੀਫੀ ਇਹੋ ਹੈ ਕਿ ਯੂਨੀਅਨ ਨੇ ਤਾਂ ਆਪਣੇ ਹੱਥ ਵਢਾ ਦਿਤੇ ਹੋਏ ਹਨ। ਪ੍ਰੰਤੂ ਸਾਰੀ ਬੀ. ਸੀ. ਦੇ ਰੇਲਵੇ ਕਾਮੇ ਬੜੇ ਬੇਚੈਨ ਹਨ। ਵੈਲਕੂਵਰ ਦੇ ਏਰੀਏ ਦੀ ਲੋਕਲ ਦੇ ਰੇਲਵੇ ਕਾਮਿਆਂ ਇਸ ਵਿਰੁੱਧ 19 ਮਈ ਨੂੰ ਪੁਰਾਣੇ ਸੀ. ਐਨ. ਆਰ. ਸਟੇਸ਼ਨ ਅਗੇ ਜਲੂਸ ਵੀ ਕੱਢਿਆ ਅਤੇ ਅਗੋਂ ਹੋਰ ਘੋਲ ਕਰਨ ਲਈ ਮੀਟਿੰਗਾਂ ਕਰ ਰਹੇ ਹਨ।

ਜਿਵੇਂ ਜਿਵੇਂ ਆਰਥਿਕ ਮੰਦਵਾੜਾ ਹੋਰ ਹੋਰ ਡੂੰਘਾ ਹੋ ਰਿਹਾ ਹੈ ਉਹ ਆਰਥਕਤਾ ਦੇ ਹੋਰਨਾਂ ਪਹਿਲੂਆਂ ਉਪਰ ਅਸਰ ਪਾਉਂਦਾ ਜਾ ਰਿਹਾ ਹੈ। ਇਸ ਲਈ ਇਹ ਸੋਚਣਾ ਬੇਅਰਥ ਹੀ ਹੈ ਕਿ ਕਦੇ ਪਹਿਲਾਂ ਵਾਂਗੂੰ ਕੰਮਾਂ ਦੀ ਬਹੁਤਾਤ ਦੇ ਦਿਨ ਪਰਤ ਆਉਣਗੇ। ਹੁਣ ਸਮਾਂ ਚੇਤੰਨਤਾ ਨੂੰ ਤਿੱਖਿਆਂ ਕਰਨ ਦਾ ਹੈ ਕਿ ਇਹ ਸਾਰਾ ਕੁਝ ਕਿਉਂ ਹੋ ਰਿਹਾ ਹੈ। ਆਟੋਮੇਸ਼ਨ ਅਤੇ ਕੰਪੀਊਟਰਾਂ ਨੇ ਮਜ਼ਦੂਰਾਂ ਤੋਂ ਕੰਮ ਖੋਹ ਲਏ ਹਨ ਪ੍ਰੰਤੂ ਸਰਮਾਏਦਾਰਾਂ - ਕੰਪਨੀ ਮਾਲਕਾਂ ਦੇ ਮੁਨਾਫਿਆਂ ਨੂੰ ਕਈ ਗੁਣਾਂ ਵਧਾ ਦਿਤਾ ਹੈ।

ਇਹ ਸਮਾਂ ਬਾਕੀ ਮਜ਼ਦੂਰਾਂ ਨਾਲ ਜੋ ਬੇਰੁਜ਼ਗਾਰੀ ਦੇ ਖੱਡੇ ਡਿਗ ਚੁਕੇ ਹਨ ਏਕਤਾ ਉਸਾਰਨ ਦਾ ਹੈ ਅਤੇ ਆਪਣੇ ਹੱਕਾਂ ਲਈ ਡਟ ਕੇ ਖਲੋਣ ਦਾ ਹੈ। ਹਾਲਾਤ ਬਿਲਕੁਲ ਕੁਲਹਿਣੇ ਹਨ, ਦ੍ਰਿੜਤਾ ਅਤੇ ਏਕਤਾ ਹੀ ਇਸ ਸਮੇਂ ਪੈਦਾ ਕਰਨ ਦੀ ਲੋੜ ਹੈ ਤਾਂ ਜੋ ਜੀਵਨ ਲਈ ਸੰਘਰਸ਼ ਵਿਚ ਜੇਤੂ ਹੋ ਨਿਕਲੀਏ।

# ਭਾਰਤੀ ਕਮਿਊਨਿਟੀ ਵਿਚ ਹੋ ਰਹੇ ਜਿਸਮਾਨੀ ਹਮਲੇ

ਪਿਛਲੇ ਦੋ ਸਾਲਾਂ ਤੋਂ ਕੈਨੇਡਾ ਵਿਚ ਰਹਿੰਦੀ ਭਾਰਤੀ ਕਮਿਊਨਿਟੀ ਵਿਚ ਵੱਖਵਾਦੀਆਂ ਤੇ ਅਤਿਵਾਦੀਆਂ ਵਲੋਂ ਜਿਸਮਾਨੀ ਹਮਲਿਆਂ ਦੀਆਂ ਵਾਰਦਾਤਾਂ ਅਤੇ ਹੋਰ ਗੈਰ ਕਾਨੂੰਨੀ ਐਕਸ਼ਨ ਹੋ ਰਹੇ ਹਨ। ਹੁਣ ਭੀ ਇਹ ਸਿਲਸਿਲਾ ਜਾਰੀ ਹੈ। 25 ਮਈ ਨੂੰ ਪੰਜਾਬ ਦੀ ਅਕਾਲੀ ਸਰਕਾਰ ਦੇ ਪਲੈਨਿੰਗ ਮੰਤਰੀ ਜੋ ਕਿ ਬਰਿਟਿਸ਼ ਕੋਲੰਬੀਆ ਵਿਚ ਆਪਣੇ ਨਜ਼ਦੀਕੀ ਰਿਸ਼ਤੇਦਾਰ ਦੀ ਸ਼ਾਦੀ ਦੀ ਰਸਮ ਵਿਚ ਭਾਗ ਲੈਣ ਲਈ ਆਏ ਸਨ ਤੇ ਗੋਲਡ ਰਿਵਰ ਦੇ ਨਜ਼ਦੀਕ ਅਤਿਵਾਦੀਆਂ ਵਲੋਂ ਗੋਲੀਆਂ ਨਾਲ ਹਮਲਾ ਕਰ ਦਿਤਾ ਗਿਆ। ਜਿਸ ਵਿਚ ਉਹ ਬੁਰੀ ਤਰ੍ਹਾਂ ਫੱਟੜ ਹੋ ਗਏ। ਸ੍ਰੀ ਮਲਕੀਅਤ ਸਿੰਘ ਉਸ ਅਕਾਲੀ ਸਰਕਾਰ ਦਾ ਮੰਤਰੀ ਹੈ ਜਿਸਨੂੰ ਮਹਾਨ ਸ਼ਹੀਦ ਲੌਂਗੋਵਾਲ ਵਲੋਂ ਕੀਤੇ ਪੰਜਾਬ ਸਮਝੌਤੇ ਅਤੇ ਅਕਾਲੀ ਦਲ ਵਲੋਂ ਭਾਰਤ ਦੀ ਅਖੰਡਤਾ ਅਤੇ ਹਿੰਦੂ ਸਿੰਘ ਏਕਤਾ ਲਈ ਖੜਦੇ ਮੁੱਦਿਆਂ ਤੇ ਪੰਜਾਬੀਆਂ ਨੇ ਰਿਕਾਰਡ ਤੋੜ ਵੋਟਾਂ ਪਾ ਕੇ ਕਾਮਯਾਬ ਕੀਤਾ ਸੀ ਅਤੇ ਇਹਨਾਂ ਤੇ ਹਮਲਾ ਕਰਨ ਵਾਲੇ ਜੋ ਕਿ ਪੰਜਾਬ ਵਿਚ ਚਲ ਰਹੀ ਵਖਵਾਦੀ ਲਹਿਰ ਨਾਲ ਸੰਬੰਧਤ ਹਨ, ਨੇ ਸੰਯੁਕਤ ਅਕਾਲੀ ਦਲ ਦੇ ਨਾਂ ਹੇਠ ਪੰਜਾਬ ਸਮਝੌਤੇ ਨੂੰ 'ਸਿੱਖਾਂ ਨਾਲ ਗਦਾਰੀ' ਅਤੇ ਚੋਣਾਂ ਦੇ ਬਾਈਕਾਟ ਦਾ ਨਾਹਰਾ ਦਿਤਾ ਸੀ। ਉਸ ਸਮੇਂ ਚੋਣਾਂ ਦੇ ਸਿਟਿਆਂ ਤੋਂ ਇਹਨਾਂ ਨੂੰ ਆਪਣੀ ਤਾਕਤ ਦਾ ਪੰਜਾਬ ਵਿਚ ਭੀ ਪਤਾ ਲੱਗ ਗਿਆ ਸੀ। ਜਿਸ ਤਰ੍ਹਾਂ ਇਹ ਇਥੇ ਰਹਿੰਦੀ ਢਾਈ ਲੱਖ ਪੰਜਾਬੀ ਵਸੋਂ ਨੂੰ ਭੀ ਆਪਦੇ ਨਾਲ ਹੋਣ ਬਾਰੇ ਬੜੇ ਜ਼ੋਰ ਦੇ ਦਮਗਜੇ ਮਾਰਦੇ ਹਨ ਇਸ ਬਾਰੇ ਭੀ ਇਹਨਾਂ ਨੂੰ ਗੁਰਦੁਆਰਿਆਂ ਤੋਂ ਬਾਹਰ ਕੀਤੇ ਇਕੱਠਾਂ ਤੋਂ ਭੀ ਸਮਝ ਲੈਣਾ ਚਾਹੀਦਾ ਹੈ ਕਿ ਇਹਨਾਂ ਦੀ ਸਾਖ ਕਿਤਨੀ ਕੁ ਹੈ।

ਬਰਿਟਿਸ਼ ਕੋਲੰਬੀਆ ਅਤੇ ਸਮੁੱਚੇ ਕੈਨੇਡਾ ਵਿਚ ਪਿਛਲੇ ਕਾਫੀ ਸਮੇਂ ਤੋਂ ਨਸਲਵਾਦੀ ਜਥੇਬੰਦੀਆਂ ਆਪਣੇ ਆਪ ਨੂੰ ਜਥੇਬੰਦ ਕਰਨ ਲਈ ਕਾਫੀ ਯਤਨ ਕਰਦੀਆਂ ਰਹੀਆਂ ਹਨ। ਜਿਵੇਂ ਕਿ ਕੈਨੇਡੀਅਨ ਸਰਕਾਰ ਦੇ ਕਾਨੂੰਨ ਅਤੇ ਪਾਲਿਸੀਆਂ ਕਾਰਨ ਇਥੇ ਨਸਲਵਾਦ ਸਥਾਪਤ ਹੋ ਚੁਕਾ ਹੈ। ਜਿਸ ਢੰਗ ਨਾਲ ਸੁਰੱਖਿਆ ਏਜੰਸੀਆਂ ਅਤਿਵਾਦੀਆਂ ਦੇ ਕੇਸਾਂ ਨੂੰ ਉਛਾਲ ਰਹੀਆਂ ਹਨ ਅਤੇ ਮੀਡੀਏ ਵਾਲੇ ਭੀ ਅਜਿਹਾ ਕੋਈ ਮੌਕਾ ਹਥੋਂ ਨਹੀਂ ਜਾਣ ਦਿੰਦੇ ਕਿ ਉਹ ਸਾਰੀ ਪੰਜਾਬੀ ਕਮਿਊਨਿਟੀ ਨੂੰ ਹੀ ਅਤਿਵਾਦੀ ਪੇਸ਼ ਕਰ ਦਿੰਦੇ ਹਨ ਇਸ ਨਾਲ ਨਸਲਵਾਦੀਆਂ ਨੂੰ ਕੈਨੇਡੀਅਨ ਲੋਕਾਂ ਸਾਹਮਣੇ ਅਤੇ ਖਿਲਾਫ ਪ੍ਰਚਾਰ ਕਰਨ ਦਾ ਮੌਕਾ ਹੋਰ ਮਿਲਣਾ ਹੈ। ਜਿਸ ਤਰ੍ਹਾਂ ਕਿ ਨਸਲਵਾਦੀਏ ਹੁਣ ਤੱਕ ਆਪਣੇ ਆਪ ਨੂੰ ਜਥੇਬੰਦ ਨਹੀਂ ਕਰ ਸਕੇ ਕਿਉਂਕਿ ਵੈਨਕੂਵਰ ਵਿਚ ਟਰੇਡ ਯੂਨੀਅਨਾਂ ਕਾਫੀ ਸਰਗਰਮ ਹਨ, ਵੈਨਕੂਵਰ ਨੂੰ ਅਮਨ ਲਹਿਰ ਦੀ ਰਾਜਧਾਨੀ ਨਾਲ ਜਾਣਿਆ ਜਾਂਦਾ ਹੈ ਅਤੇ ਸਿਟੀ ਕੌਂਸਲ ਤੇ ਭੀ ਅਗਾਂਹ ਵਧੂਆਂ ਦਾ ਕੰਟਰੋਲ ਹੈ ਇਸੇ ਹੀ ਤਰ੍ਹਾਂ ਦੇਸ਼ ਦੇ ਹੋਰ ਹਿਸਿਆਂ ਵਿਚ ਭੀ ਇਹੋ ਹੀ ਪੁਜ਼ੀਸ਼ਨ ਹੈ। ਸਭ ਤੋਂ ਜ਼ਿਆਦਾ ਪਹਿਲੂ ਇਹ ਇਥੇ ਰਹਿੰਦੇ ਭਾਰਤੀ ਲੋਕ ਭੀ ਨਸਲਵਾਦੀਆਂ ਤੋਂ ਚੇਤੰਨ ਸਨ। ਇਹਨਾਂ ਸਾਰੇ ਕਾਰਨਾਂ ਕਰਕੇ ਨਸਲਵਾਦੀਆਂ ਦੇ ਯਤਨ ਸਫਲ ਨਹੀਂ ਹੋਏ। ਪ੍ਰੰਤੂ ਪਿਛਲੇ ਸਮੇਂ ਤੋਂ ਅਤਿਵਾਦੀਆਂ ਵਲੋਂ ਜਿਸ ਤਰ੍ਹਾਂ ਜਥੇਬੰਦਕ ਢੰਗਾਂ ਨਾਲ ਜਿਸਮਾਨੀ ਹਮਲੇ ਆਪਣੇ ਵਿਰੋਧੀਆਂ ਦੇ ਖਿਲਾਫ ਹੋ ਰਹੇ ਹਨ ਅਤੇ ਪਰਸਾਰ ਸਾਧਨ ਇਹਨਾਂ ਨੂੰ ਆਪਣੇ ਹਿਤਾਂ ਲਈ ਉਛਾਲਦੇ ਹਨ। ਇਹਨਾਂ ਕਾਰਵਾਈਆਂ ਨਾਲ ਸਾਰੀ ਕਮਿਊਨਿਟੀ ਦਾ ਨਾਮ ਜੋੜਿਆ ਜਾਂਦਾ ਹੈ ਜਿਸ ਨਾਲ ਸਾਰੇ ਹੀ ਬਦਨਾਮ ਹੁੰਦੇ ਹਾਂ। ਕੈਨੇਡੀਅਨ ਲੋਕਾਂ ਸਾਹਮਣੇ ਸਾਡਾ ਵਕਾਰ ਗਿਰਦਾ ਹੈ। ਇਸਨੂੰ ਨਸਲਵਾਦੀਏ ਸਾਡੇ ਵਿਰੁੱਧ ਵਰਤ ਸਕਦੇ ਹਨ। ਜਿਸਦੇ ਸਿਟੇ ਬਹੁਤ ਹੀ ਖਤਰਨਾਕ ਹੋ ਸਕਦੇ ਹਨ। ਇਸ ਖਤਰਨਾਕ ਪਹਿਲੂ ਨੂੰ ਰੋਕਣ ਲਈ ਅਸੀਂ ਇਥੇ ਰਹਿੰਦੇ ਭਾਰਤੀਆਂ ਨੂੰ ਅਪੀਲ ਕਰਦੇ ਹਾਂ ਕਿ ਉਹ ਮੁਕੰਮਲ ਤੌਰ ਤੇ ਅਤਿਵਾਦੀਆਂ ਨਾਲੋਂ ਨਿਖੇੜਾ ਕਰਕੇ ਆਪਣੇ ਆਪ ਨੂੰ ਸਾਰੇ ਕੈਨੇਡੀਅਨ ਭਾਈਚਾਰੇ ਸਾਹਮਣੇ ਦਸਣ ਕਿ ਸਾਡਾ ਇਹਨਾਂ ਕਾਰਵਾਈਆਂ ਨਾਲ ਕੋਈ ਸਬੰਧ ਨਹੀਂ ਹੈ। ਇਹ ਅਨਸਰ ਸਾਮਰਾਜੀਆਂ ਦੀਆਂ ਭਾਰਤ ਨੂੰ ਅਸਥਿਰ ਕਰਨ ਦੀਆਂ ਚਾਲਾਂ ਦਾ ਹਥਠੋਕਾ ਬਣ ਕੇ ਕੰਮ ਕਰ ਰਹੇ ਹਨ।

ਜਿਸ ਤਰ੍ਹਾਂ ਅਸੀਂ ਲਗਾਤਾਰ ਲੋਕਤਾ ਵਿਚ ਲਿਖਦੇ ਰਹੇ ਹਾਂ ਕਿ ਸਾਡੇ ਵਿਚ ਫਿਰਕੂ ਵੰਡ ਅਤੇ ਫੁਟ ਸਾਡੀ ਇਤਿਹਾਸਕ ਰਵਾਇਤਾਂ ਨੂੰ ਸੱਟ ਮਾਰਦੀ ਹੈ ਨੂੰ ਰੋਕਿਆ

NORTHRIDGE REALTY
6417 - Fraser Street,
VANCOUVER, B.C.
321-2912

Before you buy or sell Real Estate Contact
JASBIR SANDHU
For Free Consultatior
Bus. 321-2912
Res. 984-0041



JASBIR SANDHU

ਜਾਵੇ। ਸਾਨੂੰ ਜੋ ਸਮਸਿਆਵਾਂ ਇਥੇ ਰਹਿੰਦਿਆਂ ਨੂੰ ਸਾਹਮਣੇ ਆਉਂਦੀਆਂ ਹਨ ਦਾ ਟਾਕਰਾ ਕਰਨ ਦੀ ਵਜਾਏ ਵਖਵਾਦੀ ਸਾਡੀ ਤਾਕਤਾ ਨੂੰ ਕਮਜ਼ੋਰ ਕਰ ਰਹੇ ਹਨ। ਇਸ ਕੈਨੇਡਾ ਦੀ ਫੈਡਰੇਲ ਸਰਕਾਰ ਅਤੇ ਸੂਬਾਈ ਸਰਕਾਰਾਂ ਆਰਥਕ ਮੰਦਵਾੜੇ ਦਾ ਬੋਝ ਲੋਕਾਂ ਤੇ ਲੱਦਦ ਲਈ ਲੋਕ ਵਿਰੋਧੀ ਕਦਮ ਚੁਕ ਰਹੀਆਂ ਹਨ। ਅਜ ਲੋੜ ਹੈ ਕਿ ਅਸੀਂ ਵੰਡਵਾਦੀ ਸ਼ਕਤੀਆਂ ਨੂੰ ਨਿਖੇੜ ਕੇ ਕੈਨੇਡੀਅਨ ਭਾਈਚਾਰੇ ਨਾਲ ਮਿਲਕੇ ਆਪਣੇ ਹੱਕਾਂ ਲਈ ਜਲਦੇ ਸੰਘਰਸ਼ ਵਿਚ ਹਿਸਾ ਪਾਈਏ।

# ਇੰਮੀਗਰੇਸ਼ਨ ਅਤੇ ਵਿਤਕਰਾ

ਕਨੇਡਾ ਨੂੰ ਇੰਮੀਗਰੈਂਟਾਂ ਦਾ ਬਹੁ ਸਭਿਆਚਾਰਕ, ਬਹੁ ਜ਼ਬਾਨਾਂ ਅਤੇ ਬਹੁ ਕੌਮੀ ਤੇ ਬਹੁ ਘੱਟ ਗਿਣਤੀਆਂ ਦਾ ਦੇਸ਼ ਆਖਿਆ ਜਾਂਦਾ ਹੈ ਭਾਵੇਂ ਕਿ ਹਕੀਕਤ ਵਿਚ ਅਸਲੀ ਵਾਰਸਾਂ (ਜਿਹਨਾਂ ਨੂੰ ਰੈਡ ਇੰਡੀਅਨ ਜਾਂ ਆਦੀਵਾਸੀ ਆਖਦੇ ਹਨ) ਤੋਂ ਖੋਹ ਕੇ ਐਂਗਲੋ ਸੈਕਸਨ ਦਾ ਬੋਲਬਾਲਾ ਹੈ ਅਤੇ ਅੰਗਰੇਜ਼ੀ ਤੇ ਫਰਾਂਸੀਸੀ ਕੌਮੀ ਜ਼ਬਾਨਾਂ ਹਨ। ਰਾਜ ਸੱਤਾ ਉਤੇ ਕਾਬਜ਼ ਜਮਾਤ ਆਪਣੇ ਹਿਤਾਂ ਨੂੰ ਮੁੱਖ ਰਖਦੀ ਹੋਈ ਉਸ ਢੰਗ ਦੀ ਸਿਆਸੀ ਆਰਥਕ ਤੇ ਸਮਾਜੀ ਨੀਤੀ ਅਪਣਾਉਂਦੀ ਹੈ ਜਿਸ ਨਾਲ ਉਸ ਦੇ ਪ੍ਰਧਾਨਤਾ ਜੀਵਨ ਦੇ ਹਰ ਪਹਿਲੂ ਵਿਚ ਕਾਇਮ ਰਹੇ। ਸੋ ਇਮੀਗਰੇਸ਼ਨ ਦੇ ਮਸਲੇ ਤੇ ਭੀ ਉਸ ਕਿਸਮ ਦੀ ਨੀਤੀ ਅਤੇ ਕਾਨੂੰਨ ਅਪਣਾਏ ਜਾਂਦੇ ਰਹੇ ਹਨ ਜੋ ਸਰਮਾਏਦਾਰੀ ਪ੍ਰਬੰਧ ਦੀ ਵਿਤਕਰੇ ਭਰੀ ਨੀਤੀ ਦਰਸਾਉਂਦੀ ਹੈ। ਮੁੱਢ ਤੋਂ ਹੀ ਚਿੱਟੀ ਤੇ ਖਾਸ ਕਰ ਐਂਗਲੋ ਸੈਕਸਨ ਇਮੀਗਰੇਸ਼ਨ ਨੂੰ ਹੀ ਮੁੱਖ ਰੱਖਿਆ ਅਤੇ ਫਿਰ ਸਮਾਜਵਾਦ ਵਿਰੋਧੀ (ਜਿਵੇਂ ਕਿ ਅਗਾਂਹ ਵਧੂ ਵਿਚਾਰਾਂ ਦੇ ਲੋਕਾਂ ਨੂੰ ਦਾਖਲ ਹੋਣ ਤੋਂ ਰੋਕਣਾ ਅਤੇ ਪਿਛਾਂਹ ਖਿਚੂ ਲੋਕਾਂ ਨੂੰ ਉਤਸ਼ਾਹਤ ਕਰਨਾ)। ਅਤੇ ਸਰਮਾਏਦਾਰ ਪੱਖੀ ਇਮੀਗਰੇਸ਼ਨ ਨੂੰ ਅਪਣਾਇਆ। ਮਜ਼ਦੂਰ ਸ਼ਕਤੀ ਦੀ ਘਾਟ ਨੂੰ ਪੂਰਾ ਕਰਨ ਲਈ ਸਮੇਂ ਸਮੇਂ ਤੀਜੀ ਦੁਨੀਆਂ ਵਿਚੋਂ ਕਾਲੇ ਭੂਰੇ ਰੰਗ ਦੇ ਮਜ਼ਦੂਰਾਂ ਨੂੰ ਆਉਣ ਦੀ ਖੁੱਲ੍ਹ ਅਤੇ ਹੁਣ ਭੀ ਹਰ ਸਾਲ ਬਾਹਰੋਂ ਇੰਮੀਗਰੈਂਟ ਮੰਗਵਾਉਣ ਲਈ ਕੈਨੇਡਾ ਦੇ ਸੂਬਿਆਂ ਦੀ ਸਲਾਹ ਨਾਲ ਗਿਣਤੀ ਮੰਗਵਾਈ ਜਾਂਦੀ ਹੈ ਜੋ ਹਰ ਸਾਲ ਇਕ ਲੱਖ ਦੇ ਲੱਗਭਗ ਹੁੰਦੀ ਹੈ ਪਰ ਜ਼ਿਆਦਾ ਕਰਕੇ ਯੂਰਪ ਵਿਚੋਂ।

ਇੰਮੀਗਰੇਸ਼ਨ ਦੇ ਨਾਲ ਹੀ ਰੀਫੀਊਜ਼ੀ ਅਤੇ ਪਨਾਹ ਦੇਣ ਦਾ ਕਾਨੂੰਨ ਤੇ ਨਿਯਮ ਜੋੜੇ ਹਨ ਅਤੇ ਅਸਲ ਵਿਚ ਉਹ ਇਮੀਗਰੇਸ਼ਨ ਕਾਨੂੰਨ 1976 ਅਤੇ ਰੈਗੂਲੇਸ਼ਨ 1978 ਦੇ ਅਧੀਨ ਹਨ ਜਿਸ ਨਾਲ ਕਈ ਹੋਰ ਉਲਝਣਾਂ ਤੇ ਪਰੇਸ਼ਾਨੀਆਂ ਪੈਦਾ ਹੁੰਦੀਆਂ ਹਨ। ਇਨ੍ਹਾਂ ਵਿਚ ਬਦਲੀ ਲਈ ਅਪਰੈਲ 1987 ਵਿਚ ਨਵਾਂ ਕਾਨੂੰਨ ਨਿਯਮ ਆਦਿ ਆ ਰਹੇ ਹਨ। ਇਮੀਗਰੇਸ਼ਨ ਕਾਨੂੰਨ ਨਸਲਵਾਦੀ ਹਨ ਅਤੇ ਉਹ ਕਾਨੂੰਨ ਸਰਕਾਰ ਦੀ ਨੀਤੀ ਦਾ ਪ੍ਰਗਟਾਵਾ ਹਨ। ਅਤੇ ਨਾਲ ਹੀ ਨਸਲਵਾਦੀ ਤੇ ਵਿਤਕਰੇ ਭਰੀ ਇੰਮੀਗਰੇਸ਼ਨ ਨੀਤੀ ਤੋਂ ਹੀ ਦੇਸ਼ ਦੇ ਅੰਦਰ ਭੀ ਗੋਰੀ ਕਨੇਡੀਅਨ ਕਮਿਊਨਿਟੀ ਵਿਚ ਅਸਰ ਅੰਦਾਜ਼ ਹੁੰਦੀ ਅਤੇ ਵਿਤਕਰੇ ਲਈ ਹੌਂਸਲਾ ਵਧਾਉਂਦੀ ਹੈ ਕਿਉਂਕਿ ਜੇ ਸਰਕਾਰ ਹੀ ਵਿਤਕਰਾ ਚਾਹੁੰਦੀ ਤੇ ਕਰਦੀ ਹੈ ਤਾਂ ਫਿਰ ਇਹ ਲੋਕਾਂ ਨੂੰ ਵਿਤਕਰੇ ਤੇ ਨਸਲਵਾਦ ਕਰਨ ਦਾ ਟੇਡੇ ਤੌਰ ਤੇ ਸੰਕੇਤ ਹੈ। ਉਸ ਨਸਲਵਾਦੀ ਵਿਤਕਰੇ ਨਾਲ ਕਾਮਿਆਂ ਵਿਚ ਫੁੱਟ ਪਾ ਕੇ ਟਰੇਡ ਯੂਨੀਅਨ ਤੇ ਲੋਕਾਂ ਦੀ ਏਕਤਾ ਉਪਰ ਸੱਟ ਮਾਰੀ ਜਾ ਸਕਦੀ ਹੈ। ਨਾਲ ਹੀ ਸਿਆਸੀ ਧਾਰਾ ਨੂੰ ਕੁਰਾਹੇ ਪਾਉਣ ਤੇ ਖੁੰਡਿਆਂ ਕਰਨ ਵਿਚ ਮਦਦ। ਇਮੀਗਰੇਸ਼ਨ ਨੀਤੀ ਨਸਲਵਾਦੀ ਹੈ ਅਤੇ ਇਸ ਦਾ ਦਾਖਲ ਹੋਣ ਵਾਲੇ ਇੰਮੀਗਰੈਂਟਾਂ ਦੀ ਗਿਣਤੀ ਨਾਲ ਹੀ ਬਲਕਿ ਰੰਗ ਅਤੇ ਖਿਆਲਾਂ ਨਾਲ ਹੈ ਕਿ ਕੌਣ ਦਾਖਲ ਹੁੰਦਾ ਹੈ। ਨਸਲਵਾਦੀ ਇੰਮੀਗਰੇਸ਼ਨ ਨੀਤੀਆਂ, ਕਨੇਡਾ ਦੇ ਅੰਦਰ ਨਸਲਵਾਦ, ਵਿਤਕਰਾ ਅਤੇ ਨਫਰਤ ਵਧਾਉਣ ਵਿਚ ਹਿਸਾ ਪਾਉਂਦੀਆਂ ਕਿਉਂਕਿ ਇਸ ਤੋਂ ਸਰਕਾਰੀ ਨੀਤੀ ਦੇ ਪ੍ਰਗਟਾ ਤੋਂ ਨਸਲਵਾਦੀ ਲੋਕਾਂ ਉਤਸ਼ਾਹਤ ਹੁੰਦੇ ਹਨ।

ਨਵੇਂ ਨਿਯਮ ਤੀਜੀ ਦੁਨੀਆਂ ਦੇ ਇਮੀਗਰੈਂਟਾਂ ਦੇ ਹੱਕ ਵਿਚ ਨਹੀਂ। ਕਨੇਡੀਅਨ ਮਿਸ਼ਨ ਤੇ ਅਰਜ਼ੀਆਂ ਲੈਣੀਆਂ ਘਟਾ ਦਿਤੀਆਂ ਹਨ। ਜਿਥੇ ਨਿਰਭਰ ਬੱਚੇ ਦੇ ਮੰਗਵਾਉਣ ਦੀ ਉਮਰ ਇਕ ਸਾਲ ਅਤੇ ਫੈਮਲੀ ਦੇ ਆਖਰੀ ਅਣਵਿਆਹੇ ਮੈਂਬਰ ਨੂੰ ਮੰਗਵਾਉਣ ਦੀ ਖੁਲ੍ਹ ਦਿਤੀ ਹੈ ਉਥੇ ਨਾਲ ਹੀ ਵਿਆਹ ਸ਼ਾਦੀ ਦੇ ਸਬੂਤ ਅਤੇ ਮੰਗੇਤਰ ਆਦਿ ਦੇ ਮਸਲੇ ਉਪਰ ਸਿਰਫ ਕਰੜਾਈ ਹੀ ਨਹੀਂ ਬਲਕਿ ਅਜਿਹੀਆਂ ਢੁੱਚਰਾਂ ਅਤੇ ਬਹਾਨੇ ਖੜੇ ਕੀਤੇ ਜਾਂਦੇ ਹਨ ਕਿ ਅਰਜ਼ੀਆਂ ਲਮਕਾਈਆਂ ਤੇ ਰੱਦ ਕੀਤੀਆਂ ਜਾਣ। ਇਥੋਂ ਤੱਕ ਕਿ ਮਾਂ ਬਾਪ, ਪੁੱਤਰ, ਧੀ, ਤੇ ਭੈਣ ਭਾਈ ਦੇ ਰਿਸ਼ਤਿਆਂ ਨੂੰ ਭੀ ਜਾਅਲੀ ਦੱਸ ਕੇ ਰੱਦ ਕੀਤਾ ਜਾਂਦਾ ਹੈ। ਵਿਆਹ ਨੂੰ "ਡੰਗ ਟਪਾਊ" ਜਾਂ "ਇਮੀਗਰੇਸ਼ਨ ਲਈ ਮੌਕਾ ਕੱਢੂ" ਦੱਸ ਕੇ ਲੋਕਾਂ ਨੂੰ ਖੱਜਲ ਖਰਾਬ ਕੀਤਾ ਜਾਂਦਾ ਹੈ। ਨਾਲ ਹੀ ਰੱਦ ਹੋਏ ਕੇਸ ਦੀ ਅਪੀਲ ਨੂੰ ਲੰਮਾ ਪਾ ਦਿਤਾ ਜਾਂਦਾ ਹੈ।

ਵਿਆਹ ਲਈ ਮੰਗੇਤਰ ਮੰਗਵਾਉਣ ਲਈ ਦਸ ਹਜ਼ਾਰ ਡਾਲਰ ਤੋਂ ਉਪਰ ਦੀ ਆਮਦਨ ਦਾ ਹੋਣਾ ਭੀ ਜ਼ਰੂਰੀ ਹੈ। ਅਤੇ ਅਜ ਦੇ ਆਰਥਕ ਮੰਦਵਾੜੇ ਸਮੇਂ ਉਹ ਲੜਕੀਆਂ ਕਿੰਨੀਆਂ ਹੋਣਗੀਆਂ ਜਿਹਨਾਂ ਦੀ ਆਮਦਨ ਇਸ ਤੋਂ ਉਪਰ ਹੋਵੇ। ਸੋ ਇਹ ਅਖੌਤੀ ਜਮਹੂਰੀ ਹੱਕਾਂ ਦੇ ਮੁੱਦਈ ਪਤੀ ਪਤਨੀ ਦੇ ਇਕੱਠੇ ਹੋਣ ਅਤੇ ਵਿਆਹ ਕਰਾਉਣ ਉਪਰ ਇੰਮੀਗਰੇਸ਼ਨ ਕਾਨੂੰਨੀ ਰੋਕਾਂ ਲਾ ਕੇ ਵਿਤਕਰੇ ਤੋਂ ਅਗੇ ਇਨਸਾਨੀਅਤ ਤੋਂ ਗਿਰੀਆਂ ਹੋਈਆਂ ਚਾਲਾਂ ਚਲਦੇ ਹਨ। ਇਹ ਭੀ ਤੀਜੀ ਦੁਨੀਆਂ ਦੇ ਕਾਲੇ ਭੂਰੇ ਲੋਕਾਂ ਦੀ ਇੰਮੀਗਰੇਸ਼ਨ ਨੂੰ ਰੋਕਣ ਦਾ ਢੰਗ ਹੈ। ਯੂਰਪੀ ਕੋਰਟ ਨੇ ਇਹ ਰੂਲਿੰਗ ਦਿਤਾ ਹੈ ਕਿ ਪਤੀ ਜਾਂ ਪਤਨੀ ਨੂੰ ਕਿਸੇ ਭੀ ਕਾਨੂੰਨ ਰਾਹੀਂ ਇਕਠੇ ਹੋਣ ਤੋਂ ਰੋਕਣਾ ਲਿੰਗ ਵਿਤਕਰਾ ਹੈ ਅਤੇ ਪਤੀ ਪਤਨੀ ਦੇ ਦਾਖਲੇ ਉਪਰ ਪਾਬੰਦੀ ਨਾਜਾਇਜ਼ ਹੈ। ਇਹ ਫੈਸਲਾ ਕਨੇਡਾ ਤੇ ਭੀ ਲਾਗੂ ਕਰਾਉਣਾ ਜ਼ਰੂਰੀ ਹੈ। ਘਰੇਲੂ ਜ਼ਿੰਦਗੀ ਬਾਰੇ ਨਿਕੰਮੇ ਤੇ ਵਾਹਈਆਤ ਸਵਾਲ ਕੀਤੇ ਜਾਂਦੇ ਹਨ ਜਿਵੇਂ ਘਰ ਦੇ ਪਸ਼ੂਆਂ ਤੇ ਕਮਰਿਆਂ ਤੋਂ ਲੈ ਕੇ ਭੋਗ ਬਿਲਾਸ ਤੱਕ। ਹੁਣ "ਖੂਨ ਟੈਸਟ" ਤੇ "ਪਿਤਾ ਪੁਰਖੀ ਜੀਵਨ ਕਿਟਾਨੂ" ਟੈਸਟਾਂ ਵਾਲੇ ਆਉਣ ਦੀ ਸੋਚ ਰਹੇ ਹਨ ਜੋ ਅਤਿ ਭਿਆਨਕ ਹੋਵੇਗਾ। ਨਸਲਵਾਦੀ ਵਤੀਰਾ ਅਤੇ ਸੋਚਣੀ ਤਾਂ ਪ੍ਰਬੰਧਕੀ ਢਾਂਚੇ ਤੇ ਕਾਬਜ਼ ਜਮਾਤ ਦੀ ਵਿਤਕਰੇ ਭਰੀ ਸੋਚ ਤੇ ਨੀਤੀ ਦਾ ਪ੍ਰਗਟਾਵਾ ਹੈ। ਸੱਤਾਧਾਰੀ

ASHOKA TRADING CO. LTD

6621 MAIN ST. VANCOUVER. B.C. Ph: 324-7521

ਤੁਹਾਡੇ ਲਈ ਬਹੁਤ ਹੀ ਖੂਬਸੂਰਤ ਰੰਗਾਂ ਵਿੱਚ ਸੂਟ, ਸਾੜ੍ਹੀਆਂ ਤੇ ਵਿਆਹ ਸਮੇਂ ਹਰ ਤਰ੍ਹਾਂ
ਦੀਆਂ ਲੋੜਾਂ ਤੇ ਹੋਰ ਬਹੁਤ ਕੁਝ ਖਰੀਦਣ ਲਈ ਚਲੇ ਆਓ

# ਦਖਣੀ ਅਫਰੀਕਾ

ਦਖਣੀ ਅਫਰੀਕਾ ਵਿਚ ਚਿੱਟੀ ਚਮੜੀ ਵਾਲੀ ਸਰਕਾਰ ਜਿਹੜੇ ਜਬਰ ਢਾਹ ਰਹੀ ਹੈ, ਜਿਵੇਂ ਓਥੇ ਦੀ ਕਾਲੀ ਵਸੋਂ ਨਾਲ ਹਰ ਖੇਤਰ ਵਿਚ ਵਿਤਕਰਾ ਹੋ ਰਿਹਾ ਹੈ ਅਤੇ ਜਿਸ ਢੰਗ ਨਾਲ ਆਜ਼ਾਦੀ ਪਸੰਦਾਂ ਉੱਤੇ ਜਬਰ ਢਾਹੇ ਜਾ ਰਹੇ ਹਨ ਉਸ ਨੂੰ ਮੁਖ ਰਖਦਿਆਂ ਏਹੀ ਕਿਹਾ ਜਾ ਸਕਦਾ ਹੈ ਕਿ ਦਖਣੀ ਅਫਰੀਕਾ ਇਕ ਵੱਡੀ ਜਿਹਲ ਹੈ ਜਿਸ ਅੰਦਰ ਰਹੇ ਲੋਕਾਂ ਨੂੰ ਮਨੁਖ ਹੀ ਨਹੀਂ ਸਮਝਿਆ ਜਾ ਰਿਹਾ।

ਦਖਣੀ ਅਫਰੀਕਾ ਦੀ ਚਿੱਟੀ ਚਮੜੀ ਵਾਲੀ ਸਰਕਾਰ ਦੀ ਇਸ ਤਰਾਂ ਦੀ ਜਾਬਰ ਪਾਲਸੀ ਵਿਰੁੱਧ ਬੜੇ ਲੰਮੇ ਸਮੇਂ ਤੋਂ ਕੌਮਾਂਤਰੀ ਪਲੇਟ ਫਾਰਮਾਂ ਉਤੋਂ ਅਤੇ ਬਾਹਰੋਂ ਆਵਾਜ਼ ਉਠਦੀ ਚਲੀ ਆ ਰਹੀ ਹੈ ਪਰ ਚਿੱਟੀ ਚਮੜੀ ਵਾਲੀ ਸਰਕਾਰ ਜਿਸ ਨੂੰ ਕਿ ਬਰਤਾਨੀਆਂ ਅਤੇ ਅਮਰੀਕਾ ਦੀ ਹਮਾਇਤ ਹਾਸਲ ਹੈ ਇਸ ਆਵਾਜ਼ਾਦ ਦੀ ਕੋਈ ਪ੍ਰਵਾਹ ਨਹੀਂ ਕਰ ਰਹੀ। ਪਰ ਇਸ ਤਰਾਂ ਦੇ ਵਹਿਸ਼ੀ ਜਬਰਾਂ ਦੇ ਬਾਵਜੂਦ ਦਖਣੀ ਅਫਰੀਕਾ ਦੇ ਲੋਕਾਂ ਦੀ ਆਪਣੀ ਮੁਕਤੀ ਲਈ ਸੰਗਰਾਮ ਅੱਗੇ ਹੀ ਅੱਗੇ ਵਧ ਰਿਹਾ ਹੈ ਭਾਵੇਂ ਕਿ ਉਹਨਾਂ ਨੂੰ ਇਹ ਸੰਗਰਾਮ ਲੜਦਿਆਂ ਹੋਇਆਂ ਵਡੀਆਂ ਕੁਰਬਾਨੀਆਂ ਦੇਣੀਆਂ ਪੈ ਰਹੀਆਂ ਹਨ।

ਦਖਣੀ ਅਫਰੀਕਾ ਦੀ ਅੰਦਰੂਨੀ ਹਾਲਤ ਕੀ ਹੈ ?

ਜਿਥੇ "ਗੋਰਿਆਂ" ਦੇ ਦਖਣੀ ਅਫਰੀਕੀ ਸ਼ਹਿਰਾਂ ਦੇ ਸਵਾਹਰੇ ਸ਼ਾਹਰਾਹ ਸਮਾਪਤ ਹੁੰਦੇ ਹਨ ਅਤੇ ਕਾਲੀਆਂ ਬਸਤੀਆਂ ਦੇ ਘਸਮੈਲ ਅਤੇ ਬੇਢੰਗੇ ਘਰ ਸ਼ੁਰੂ ਹੁੰਦੇ ਹਨ ਓਥੇ ਦਖਣੀ ਅਫਰੀਕੀ ਫੌਜ ਦੇ ਬਕਤਰਬੰਦ ਵਾਹਣਾਂ ਦੀ ਧੂੜ ਉਡਦੀ ਦਿਸਦੀ ਹੈ। ਇਹਨਾਂ ਤੁਰਦੇ ਫਿਰਦੇ ਕਿਲਿਆਂ ਦੀਆਂ ਤੋਪਾਂ ਆਪਣੇ ਨਵੇਂ ਸ਼ਿਕਾਰਾਂ ਦੀ ਭਾਲ ਵਿਚ ਰਹਿੰਦੀਆਂ ਹਨ। ਗਸ਼ਤੀ ਹੈਲੀਕਾਪਟਰਾਂ ਦੀ ਗੂੰਜ ਗੋਲੀਆਂ ਦੀ ਆਵਾਜ਼ ਵਿਚ ਰਲ ਜਾਂਦੀ ਹੈ। ਪੁਲਸ ਤੇ ਫੌਜ ਕਾਲੇ ਮੁਜ਼ਾਹਰਾਕਾਰਾਂ ਅਤੇ ਮਾਤਮੀ ਜਲੂਸੀ ਉੱਤੇ ਬੇਖੌਫ ਹਮਲੇ ਕਰਦੀਆਂ ਹਨ।

ਇਹ ਦਖਣੀ ਅਫਰੀਕਾ ਦਾ ਆਮ ਦ੍ਰਿਸ਼ ਹੈ ਜਿਥੇ ਗੁਲਾਮੀ ਨੂੰ ਜਾਇਜ਼ ਠਹਿਰਾਇਆ ਗਿਆ ਹੈ।

ਭਾਵੇਂ ਦਖਣੀ ਅਫਰੀਕਾ ਵਿਚ ਚਿਟੀ ਚਮੜੀ ਦੀ ਹਕੂਮਤ ਜਨਤਕ ਰੋਹ ਦੀ ਕਾਂਗ ਨੂੰ ਦਬਾਉਣ ਲਈ ਜਬਰ ਦੇ ਜੁਗਾਂ ਪੁਰਾਣੇ ਤਰੀਕੇ ਵਰਤ ਰਹੀ ਹੈ ਅਤੇ ਪਿਛਲੇ ਸਾਲ ਹੰਗਾਮੀ ਹਾਲਤ ਲਾਗੂ ਕਰਨ ਪਿਛੋਂ ਇਸ ਨੇ ਜਬਰ ਦਾ ਡੰਗ ਹੋਰ ਵੀ ਤਿੱਖਾ ਕੀਤਾ ਹੈ ਪਰ ਇਸ ਸਭ ਕੁਝ ਦੇ ਬਾਵਜੂਦ ਇਹ ਕਹਿਣਾ ਪਏਗਾ ਕਿ ਪਰੀਟੋਰੀਆ ਹਕੂਮਤ ਬਾਰੂਦ ਦੇ ਢੇਰ ਉਤੇ ਬੈਠੀ ਹੈ।

ਫੌਜ ਉਤੇ ਵਧੇਰੇ ਨਿਰਭਰ ਕਰਦਿਆਂ ਪਰੀਟੋਰੀਆ ਹਕੂਮਤ ਕਾਫੀ ਅਰਸੇ ਤੋਂ ਦਖਣੀ ਅਫਰੀਕਾ ਦੀ ਅਫਰੀਕੀ ਕੌਮੀ ਕਾਂਗਰਸ (ਏ. ਐਨ. ਸੀ) ਦੇ ਨੇਤਾਵਾਂ ਨੂੰ ਫੜ ਰਹੀ ਹੈ। ਉਹਨਾਂ ਨੇ ਪਿੱਛੇ ਜੇਹੇ ਸੰਯੁਕਤ ਜਮਹੂਰੀ ਮੋਰਚੇ ਉਤੇ ਮਾਰੂ ਹਮਲਾ ਕੀਤਾ। ਇਹ ਮੋਰਚਾ ਨਸਲਵਾਦ ਨੂੰ ਸਮਾਪਤ ਕਰਨ ਲਈ ਇਕ-ਜੁੱਟ ਹੋਈਆਂ ਟਰੇਡ ਯੂਨੀਅਨਾਂ, ਵਿਦਿਆਰਥੀਆਂ ਤੇ ਇਸਤਰੀਆਂ ਦੀਆਂ ਧਾਰਮਕ ਨਸਲੀ ਤੇ ਦੂਸਰੀਆਂ ਜਥੇਬੰਦੀਆਂ ਦਾ ਇਕ ਵਿਆਪਕ ਇਤਿਹਾਦ ਹੈ।

ਯੂ. ਡੀ. ਐਫ. ਦੇ ਸੋਲਾਂ ਨੇਤਾਵਾਂ ਉਤੇ ਮੁਕੱਦਮੇ ਚਲਾਏ ਗਏ ਹਨ। ਪਿਛਲੇ ਸਾਲ ਅਕਤੂਬਰ ਵਿਚ ਪਰੀਟੋਰੀਆ ਦੇ ਜਲਾਦਾਂ ਨੇ ਕਵੀ ਤੇ ਦੇਸ ਭਗਤ, ਬੈਂਜਮਿੰਨ ਮੋਲ ਇਸ ਨੂੰ ਇਕ ਪੁਲਸੀਏ ਨੂੰ ਮਾਰਨ ਦੇ ਝੂਠੇ ਦੋਸ਼ ਲਈ ਫਾਂਸੀ ਦੇ ਦਿੱਤਾ ਸੀ।

ਦਖਣੀ ਅਫਰੀਕਾ ਅੰਦਰ ਹੋ ਰਹੇ ਜਬਰਾਂ ਦੀ ਇਹ ਇਕ ਝਲਕ ਜੇਹੀ ਹੈ।

ਇਸ ਸਾਰੇ ਪਿਛੋਕੜ ਵਿਚ ਇਹ ਮੰਗ ਦਿਨੋ ਦਿਨ ਉਚੀ ਹੋ ਰਹੀ ਹੈ ਕਿ ਦਖਣੀ ਅਫਰੀਕਾ ਦੀ ਗੋਰੀ ਸਰਕਾਰ ਵਿਰੁਧ ਸਖਤ ਐਕਸ਼ਨ ਲਿਆ ਜਾਵੇ ਅਤੇ ਉਸ ਦੀ ਪਿੱਠ ਪੂਰਨ ਵਾਲਿਆਂ ਨੂੰ ਨੰਗਾ ਕੀਤਾ ਜਾਵੇ।

ਆਪਣੇ ਜ਼ਾਂਬੀਆ ਦੌਰੇ ਦੌਰਾਨ ਉਥੋਂ ਦੇ ਰਾਸ਼ਟਰਪਤੀ ਕੀਨਥ ਕੌਂਡਾ ਨਾਲ ਮੁਲਾਕਾਤ ਸਮੇਂ ਅਤੇ ਆਪਣੇ ਮਾਣ ਵਿਚ ਹੋਏ ਸਮਾਗਮ ਸਮੇਂ ਬੋਲਦਿਆਂ ਭਾਰਤ ਦੇ ਪਰਧਾਨ ਮੰਤਰੀ ਰਾਜੀਵ ਗਾਂਧੀ ਨੇ ਕਿਹਾ ਕਿ ਵਿਸ਼ਵ ਦੇ ਸਾਰੇ ਦੇਸਾਂ ਨੂੰ ਦਖਣੀ ਅਫਰੀਕਾ ਵਿਚ ਨਸਲੀ ਵਿਤਕਰੇ ਵਿਰੁੱਧ ਆਜ਼ਾਦੀ ਅਤੇ ਸਮਾਨਤਾ ਲਈ ਤੁਰੰਤ ਕਦਮ ਉਠਾਉਣੇ ਚਾਹੀਦੇ ਹਨ ਕਿਉਂਕਿ ਇਸ ਮਸਲੇ ਪ੍ਰਤੀ ਕੀਤੀ ਕਿਸੇ ਵੀ ਕਿਸਮ ਦੀ ਦੇਰੀ ਖਤਰਨਾਕ ਖੂਨ ਖਰਾਬੇ ਦਾ ਕਾਰਨ ਬਣ ਜਾਵੇਗੀ। ਪਰਧਾਨ ਮੰਤਰੀ ਨੇ ਆਪਣੇ ਭਾਸ਼ਣ ਦੌਰਾਨ ਵਧੇਰੇ ਸਮਾਂ ਅਫਰੀਕਾ ਦੇ ਮੂਹਰਲੀ ਕਤਾਰ ਦੇ ਦੇਸਾਂ ਵਿਚ ਨਸਲੀ ਵਿਤਕਰੇ ਵਿਰੁੱਧ ਚਲ ਰਹੇ ਆਜ਼ਾਦੀ ਸੰਘਰਸ਼ ਨੂੰ ਦਿੱਤਾ।

ਭਾਰਤ ਸ਼ੁਰੂ ਤੋਂ ਹੀ ਦਖਣੀ ਅਫਰੀਕਾ ਦੇ ਲੋਕਾਂ ਦੇ ਆਜ਼ਾਦੀ ਸੰਘਰਸ਼ ਦੀ ਹਮਾਇਤ ਤੇ ਨਸਲੀ ਵਿਤਕਰੇ ਦੀ ਨਿੰਦਾ ਕਰਦਾ ਚਲਾ ਆ ਰਿਹਾ ਹੈ। ਜਦੋਂ ਵੀ ਕਦੇ ਇਤਿਹਾਦੀ ਸਭਾ ਵਿਚ ਇਹ ਮਾਮਲਾ ਉਠਿਆ ਹੈ ਤਾਂ ਭਾਰਤ ਨੇ ਨਿਰਪੱਖ ਦੇਸ਼ਾਂ ਵਿਚੋਂ ਮੋਹਰੀ ਹੋਕੇ ਦਖਣੀ ਅਫਰੀਕਾ ਦੇ ਆਜ਼ਾਦੀ ਸੰਗਰਾਮ ਦੇ ਹੱਕ ਵਿਚ ਆਵਾਜ਼ ਉਠਾਈ ਹੈ ਅਤੇ ਨਸਲੀ ਹਕੂਮਤ ਵਿਰੁੱਧ ਪਾਬੰਦੀਆਂ ਲਾਉਣ ਦੀ ਮੰਗ ਕੀਤੀ ਹੈ।

ਰੀਗਨ ਪ੍ਰਸਾਸ਼ਨ ਭਾਵੇਂ ਉਤੋਂ ਉਤੋਂ ਬੜੇ ਐਲਾਨ ਕਰਦਾ ਹੈ ਪਰ ਅਮਲ ਵਿਚ ਉਸ ਵਲੋਂ ਸਮੁੰਦਰੋਂ ਪਾਰ ਤੋਂ ਪਰੀਟੋਰੀਆ ਨੂੰ ਫੌਜੀ ਤੇ ਰਾਜਨੀਤਕ ਸਹਾਇਤਾ ਜਾਰੀ ਹੈ।

ਨਸਲਵਾਦੀ ਦਖਣੀ ਅਫਰੀਕਾ ਸਪੱਸ਼ਟ ਤੌਰ ਤੇ ਉਹਨਾਂ ਦਾ ਏਨਾ ਵਧੀਆ ਇਤਿਹਾਦੀ ਹੈ ਕਿ ਉਸ ਨੂੰ ਤਿਆਗਿਆ ਨਹੀਂ ਜਾ ਸਕਦਾ।

ਭਾਰਤ ਦੇ ਪਰਧਾਨ ਮੰਤਰੀ ਨੂੰ ਨਿਰਪੱਖ ਲਹਿਰ ਦੇ ਆਗੂ ਵਜੋਂ ਦਖਣੀ ਅਫਰੀਕਾ ਦੇ ਆਜ਼ਾਦੀ ਸੰਘਰਸ਼ ਲਈ ਅਤੇ ਕਾਲੇ ਲੋਕਾਂ ਤੇ ਹੋ ਰਹੇ ਵਹਿਸ਼ੀ ਜਬਰਾਂ ਵਿਰੁੱਧ ਆਪਣੀਆਂ ਬਣਦੀਆਂ ਜ਼ੁਮੇਵਾਰੀਆਂ ਨਿਭਾਉਣੀਆਂ ਚਾਹੀਦੀਆਂ ਹਨ।

ਦਖਣੀ ਅਫਰੀਕਾ ਵਿਚਲੀ ਸਥਿਤੀ ਬਾਰੇ 10 ਮਈ ਨੂੰ ਸੋਵੀਅਤ ਯੂਨੀਅਨ ਤੇ ਅੰਗੋਲਾ ਵਲੋਂ ਜਾਰੀ ਕੀਤੇ ਗਏ ਇਕ ਸਾਂਝੇ ਬਿਆਨ ਵਿਚ ਦਰੁਸਤ ਤੌਰ ਤੇ ਇਹ ਕਿਹਾ ਗਿਆ ਹੈ ਕਿ ਦਖਣੀ ਅਫਰੀਕਾ ਵਿਚਲੀ ਵਿਸਫੋਟਕ ਸਥਿਤੀ ਵਿਚ ਸੰਸਾਰ-ਵਿਆਪੀ ਅਮਨ ਲਈ ਇਕ ਗੰਭੀਰ ਖਤਰਾ ਛੁਪਿਆ ਹੋਇਆ ਹੈ।

ਇਹ ਸਥਿਤੀ ਪਰੀਟੋਰੀਆ ਦੀ ਹਮਲਾਵਰ ਨੀਤੀ ਅਤੇ ਦਖਣ ਅਫਰੀਕੀ ਫੌਜਾਂ ਦੀ ਬਹੁਗਿਣਤੀ ਤੇ ਕਬਜ਼ੇ ਹੇਠ ਕੀਤੇ ਗਏ ਨਾਮੀਬੀਆ ਵਿਰੁਧ ਨਸਲਵਾਦੀਆਂ ਵਲੋਂ ਸ਼ੁਰੂ ਕੀਤੇ ਗਏ ਭਾਰੀ ਦਮਨ ਚੱਕਰ ਕਾਰਨ ਪੈਦਾ ਹੋਈ। ਸਾਮਰਾਜੀ ਲਾਲਸਾਵਾਂ ਦੀ ਦਲ ਦਲ ਵਿਚ ਫਸਿਆ ਅਮਰੀਕੀ ਰਾਜ-ਪਰਬੰਧ ਨਸਲਵਾਦੀਆਂ ਨਾਲ ਮਿਲਕੇ ਕੰਮ ਕਰ ਰਿਹਾ ਸੀ।

"ਨਸਲਵਾਦੀਏ ਤੇ ਸਾਮਰਾਜੀਏ ਉਥੇ, ਦਖਣ ਵਿਚ, ਸਮੁੱਚੇ ਆਜ਼ਾਦ ਅਫਰੀਕਾ ਦਾ ਮੁਕਾਬਲਾ ਕਰਨ, ਕੌਮੀ ਮੁਕਤੀ ਦੇ ਅਮਲ ਨੂੰ ਉਲਟਾਉਣ ਅਤੇ ਸਾਰੇ ਅਫਰੀਕੀ ਮਹਾਂਦੀਪ ਵਿਚ ਨਵ-ਬਸਤੀਵਾਦੀ ਦਾਬਾ ਕਾਇਮ ਕਰਨ ਦੇ ਵਿਚਾਰ ਨਾਲ ਇਕ ਜਵਾਬੀ ਹਮਲਾ ਸ਼ੁਰੂ ਕਰਨ ਦੀ ਆਸ ਕਰਦੇ ਹਨ।"

ਬਿਆਨ ਵਿਚ ਇਸ ਗੱਲ ਵੱਲ ਧਿਆਨ ਦੁਆਇਆ ਗਿਆ ਹੈ, "ਅੰਗੋਲੀਆਈ ਲੋਕਾਂ ਵਲੋਂ ਕਾਇਮ ਕੀਤੀ ਗਈ ਜਨਵਾਦੀ ਪਰਣਾਲੀ ਸਬੰਧੀ ਵਾਸ਼ਿੰਗਟਨ ਦੀ ਤੇ ਪਰੀਟੋਰੀਆ ਦੀ ਵਧਦੀ ਹੋਈ ਹਮਲਾਵਰੀ ਨੂੰ ਧਿਆਨ ਵਿਚ ਰਖਦਿਆਂ ਸੋਵੀਅਤ ਯੂਨੀਅਨ ਤੇ ਅੰਗੋਲਾ ਲੋਕ ਗਣਰਾਜ ਆਪਣੀ ਅਸੂਲੀ ਪੁਜ਼ੀਸ਼ਨ ਦੀ, ਜਿਸ ਬਾਰੇ ਜਨਵਰੀ 1986 ਵਿਚ ਮਾਸਕੋ ਵਿਖੇ

# ਜੰਮੂ-ਕਸ਼ਮੀਰ

ਭਾਵੇਂ ਜੰਮੂ-ਕਸ਼ਮੀਰ ਦੀ ਸਥਿਤੀ ਖਾਸੇ ਦੇ ਪੱਖ ਤੋਂ ਪੰਜਾਬ ਨਾਲੋਂ ਵਖਰੀ ਹੈ ਪਰ ਓਥੇ ਹਾਲਾਤ ਪੰਜਾਬ ਨਾਲੋਂ ਕੋਈ ਬਹੁਤੇ ਚੰਗੇ ਨਹੀਂ। ਭਾਵੇਂ ਓਥੇ ਅੱਤਵਾਦੀ ਵੱਖਵਾਦੀ ਤੱਤਾਂ ਵਲੋਂ ਕਤਲਾਂ ਦੀ ਮੁਹਿੰਮ ਏਨੀ ਨਹੀਂ ਚਲਾਈ ਜਾ ਰਹੀ ਪਰ ਪਰਚਾਰ ਮੁਹਿੰਮ ਬਹੁਤ ਤਿੱਖੀ ਹੈ। ਵੱਖਵਾਦੀ ਜਥੇਬੰਦੀਆਂ ਖੁਲ੍ਹੇ-ਆਮ ਭਾਰਤ-ਵਿਰੋਧੀ ਅਤੇ ਪਾਕਿਸਤਾਨ ਵਿਰੋਧੀ ਪਰਚਾਰ ਕਰ ਰਹੀਆਂ ਹਨ। ਕਸ਼ਮੀਰ ਵਾਦੀ ਵਿਚ ਘਟ-ਗਿਣਤੀ ਦੇ ਲੋਕਾਂ ਵਿਰੁਧ ਨਫਰਤ ਫੈਲਾਈ ਜਾ ਰਹੀ ਹੈ। ਇਸ ਤੋਂ ਬਿਨਾ ਉਹਨਾਂ ਦੇ ਧਾਰਮਕ ਅਸਥਾਨ ਦੀ ਬੇਹੁਰਮਤੀ ਕੀਤੇ ਜਾਣਦੀਆਂ ਵੀ ਖਬਰਾਂ ਹਨ। ਭਾਵੇਂ ਪ੍ਰੈਸ ਵਿਚ ਕਸ਼ਮੀਰਵਾਦੀ ਵਿਚ ਵਾਪਰ ਰਹੇ ਵਾਕਿਆਤ ਦੀਆਂ ਪੂਰੀਆਂ ਖਬਰਾਂ ਪ੍ਰੈਸ ਵਿਚ ਨਹੀਂ ਆ ਰਹੀਆਂ ਪਰ ਜਿਹੜੀਆਂ ਗੱਲਾਂ ਦਾ ਪਤਾ ਸਾਨੂੰ ਕਸ਼ਮੀਰਵਾਦੀ ਦਾ ਦੌਰਾ ਕਰਕੇ ਆਏ ਵੱਖ ਵੱਖ ਆਗੂਆਂ ਤੋਂ ਲੱਗਾ ਹੈ ਉਹਨਾਂ ਨੂੰ ਮੁਖ ਰਖਦਿਆਂ ਓਥੇ ਹਾਲਤ ਚਿੰਤਾਜਨਕ ਹੈ ਅਤੇ ਜੇ ਹਾਲਾਤ ਤੇ ਕਾਬੂ ਪਾਉਣ ਲਈ ਸ਼ੀਘਰ ਹੀ ਕਦਮ ਨਾ ਪੁੱਟੇ ਗਏ ਤਾਂ ਅਵਸਥਾ ਕਾਫੀ ਗੰਭੀਰ ਹੋ ਸਕਦੀ ਹੈ।

ਜੰਮੂ-ਕਸ਼ਮੀਰ ਦੇ ਹਾਲਾਤ ਨੂੰਮੁਖ ਰਖਦਿਆਂ ਜਿੱਥੇ ਹੋਰ ਸਾਰੇ ਲੋੜੀਂਦੇ ਕਦਮ ਪੁਟਣੇ ਚਾਹੀਦੇ ਹਨ ਓਥੇ ਉਸ ਰਾਜ ਵਿਚ ਲੋਕਾਂ ਦੀ ਚੁਣੀ ਹੋਈ ਜਮਹੂਰੀ ਸਰਕਾਰ ਸਥਾਪਤ ਕਰਨ ਵਿਚ ਹੁਣ ਹੋਰ ਦੇਰੀ ਕਿਸੇ ਤਰਾਂ ਵੀ ਨਹੀਂ ਕਰਨੀ ਚਾਹੀਦੀ।

ਜਦੋਂ ਤੋਂ ਕੇਂਦਰੀ ਸਰਕਾਰ ਨੇ ਜੰਮੂ-ਕਸ਼ਮੀਰ ਵਿਚ ਸ਼ਾਹ ਦੀ ਕਠਪੁਤਲੀ ਸਰਕਾਰ ਨੂੰ ਭੰਗ ਕਰਕੇ ਓਥੇ ਦੀ ਅਸੰਬਲੀ ਮੁਅਤਲ ਕਰ ਰਖੀ ਹੋਈ ਹੈ ਓਦੋਂ ਤੋਂ ਹੀ ਅਪੋਜ਼ੀਸ਼ਨ ਪਾਰਟੀਆਂ ਵਲੋਂ ਇਹ ਮੰਗ ਉੱਚੀ ਕੀਤੀ ਜਾ ਰਹੀ ਹੈ ਕਿ ਓਥੇ ਨਵੀਆਂ ਚੋਣਾਂ ਕਰਾਈਆਂ ਜਾਣ, ਪਰ ਕੇਂਦਰੀ ਸਰਕਾਰ ਉਸ ਰਾਜ ਵਿਚ ਨਵੀਆਂ ਚੋਣਾਂ ਕਰਾਉਣ ਦੇ ਸੁਆਲ ਨੂੰ ਅੱਗੇ ਹੀ ਅੱਗੇ ਪਾਉਂਦੀ ਚਲੀ ਆ ਰਹੀ ਹੈ। ਸਮਝ ਨਹੀਂ ਆਉਂਦੀ ਕਿ ਇਹ ਚੋਣਾਂ ਕਿਉਂ ਅੱਗੇ ਪਾਈਆਂ ਜਾ ਰਹੀਆਂ ਹਨ।

ਪਿਛਲੇ ਦਿਨ ਰਾਜ ਸਭ ਵਿਚ ਕਸ਼ਮੀਰ ਦੀ ਹਾਲਤ ਸਬੰਧੀ ਬੋਲਦਿਆਂ ਹਿੰਦ ਕਮਿਊਨਿਸਟ ਪਾਰਟੀ (ਮ) ਦੇ ਮੈਂਬਰਾਂ ਅਤੇ ਅਪੋਜ਼ੀਸ਼ਨ ਪਾਰਟੀਆਂ ਦੇ ਹੋਰ ਮੈਂਬਰਾਂ ਨੇ ਜ਼ੋਰਦਾਰ ਢੰਗ ਨਾਲ ਇਹ ਮੰਗ ਕੀਤੀ ਕਿ ਜੰਮੂ-ਕਸ਼ਮੀਰ ਅਸੰਬਲੀ ਤੁਰੰਤ ਭੰਗ ਕਰਕੇ ਨਵੀਆਂ ਚੋਣਾਂ ਕਰਵਾਈਆਂ ਜਾਣ। ਹਿੰਦ ਕਮਿਊਨਿਸਟ ਪਾਰਟੀ (ਮ) ਦੇ ਮੈਂਬਰਾਂ ਨੇ ਤਾੜਨਾ ਕੀਤੀ ਕਿ ਜੰਮੂ-ਕਸ਼ਮੀਰ ਵਿਚ ਪਾਕਿਸਤਾਨ ਪੱਖੀ ਤੱਤ ਸਰਗਰਮ ਹਨ ਅਤੇ ਇਸ ਲਈ ਲਾਜ਼ਮੀ ਹੈ ਕਿ ਫੌਰੀ ਤੌਰ ਤੇ ਚੋਣਾਂ ਕਰਵਾਈਆਂ ਜਾਣ ਤੇ ਸਥਿਰ ਸਰਕਾਰ ਸਥਾਪਤ ਕੀਤੀ ਜਾਵੇ।

ਜੰਮੂ-ਕਸ਼ਮੀਰ ਦੀ ਸਥਿਤੀ ਬਾਰੇ ਇਕ ਕੰਮ-ਰੋਕੂ ਮਤੇ ਤੇ ਬਹਿਸ ਵਿਚ ਹਿੱਸਾ ਲੈਂਦਿਆਂ ਸਾਰੇ ਹੀ ਅਪੋਜ਼ੀਸ਼ਨ ਮੈਂਬਰਾਂ ਨੇ ਰਾਜ ਵਿਚ ਰਾਸ਼ਟਰਪਤੀ ਰਾਜ ਦੀ ਮਿਆਦ ਵਿਚ ਵਾਧਾ ਨਾ ਕਰਨ ਤੇ ਛੇਤੀ ਚੋਣਾਂ ਕਰਾਉਣ ਦੀ ਲੋੜ 'ਤੇ ਜ਼ੋਰ ਦਿੱਤਾ।

ਸਾਮਰਾਜੀ ਸ਼ਕਤੀਆਂ ਜਿਵੇਂ ਪੰਜਾਬ ਅੰਦਰ ਅਤੇ ਹੋਰ ਸਰਹੱਦੀ ਰਾਜਾਂ ਅੰਦਰ ਅੱਤਵਾਦੀ ਤੱਤਾਂ ਰਾਹੀਂ ਤੇ ਹੋਰ ਸਾਧਨਾ ਰਾਹੀਂ ਦਖਲ-ਅੰਦਾਜ਼ੀ ਕਰ ਰਹੀਆਂ ਹਨ ਓਵੇਂ ਹੀ ਜੰਮੂ-ਕਸ਼ਮੀਰ ਅੰਦਰ ਵੀ ਇਹਨਾਂ ਦੀ ਦਖਲ ਅੰਦਾਜ਼ੀ ਜਾਰੀ ਹੈ। ਅਮਰੀਕੀ ਮਾਹਿਰ ਮਕਬੂਜ਼ਾ ਕਸ਼ਮੀਰ ਵਿਚ ਵੀ ਸਰਗਰਮ ਹਨ।

ਅੱਜ ਦੇ ਅਖਬਾਰਾਂ ਵਿਚ ਹੀ ਖਬਰ ਛਪੀ ਹੈ ਕਿ ਅਮਰੀਕਾ ਦੀ ਸੱਤ ਮੈਂਬਰੀ ਫੌਜੀ ਟੀਮ ਇਸ ਸਮੇਂ ਪਾਕਿ ਮਕਬੂਜ਼ਾ ਕਸ਼ਮੀਰ ਦਾ ਦੌਰਾ ਕਰ ਰਹੀ ਹੈ। ਇਕ ਟੀਮ ਫੌਜੀ ਠਕਾਣਿਆਂ ਅਤੇ ਅਗਲੇ ਖੇਤਰਾਂ ਦਾ ਵੀ ਦੌਰਾ ਕਰ ਰਹੀ ਹੈ। ਖੁਫੀਆ ਹਲਕਿਆਂ ਅਨੁਸਾਰ ਇਸ ਟੀਮ ਵਿਚ ਉੱਘੇ ਅਮਰੀਕੀ ਫੌਜੀ ਸ਼ਾਮਲ ਹਨ। ਇਸ ਨੇ ਮੁਜ਼ੱਫਰ ਬਾਦ ਤੇ ਧਮਨੀ ਦੀਆਂ ਦੋ ਅਮਰੀਕੀ ਹਵਾਈ ਪੱਟੀਆਂ ਦਾ ਵੀ ਦੌਰਾ ਕੀਤਾ।

ਇਸ ਤਰਾਂ ਦੇ ਹਾਲਾਤ ਵਿਚ ਕੇਂਦਰੀ ਸਰਕਾਰ ਨੂੰ ਇਹ ਕਹਿਕੇ ਪੱਲਾ ਨਹੀਂ ਛਡਾਉਣਾ ਚਾਹੀਦਾ ਕਿ ਰਾਜ ਦੇ ਗਵਰਨਰ ਹੀ ਇਸ ਗਲ ਦਾ ਫੈਸਲਾ ਕਰਨਗੇ ਕਿ ਚੋਣਾਂ ਕਰਾਉਣੀਆਂ ਹਨ ਜਾਂ ਨਹੀਂ।

ਕਸ਼ਮੀਰ ਵਿਚ ਜਿਸ ਜਿਸ ਤਰਾਂ ਦੇ ਹਾਲਾਤ ਪੈਦਾ ਹੋ ਗਏ ਹਨ ਉਹਨਾਂ ਨੂੰ ਮੁਖ ਰਖਦਿਆਂ ਉਥੇ ਚੁਣੀ ਹੋਈ ਸਰਕਾਰ ਤੁਰੰਤ ਸਥਾਪਤ ਕਰਨੀ ਚਾਹੀਦੀ ਹੈ ਅਤੇ ਇਸ ਮਾਮਲੇ ਨੂੰ ਕਿਸੇ ਤਰਾਂ ਵੀ ਲਟਕਾਉਣਾ ਨਹੀਂ ਚਾਹੀਦਾ।

ਸੌੜੇ ਸਿਆਸੀ ਹਿੱਤ ਪਾਲਣ ਦੀ ਹਾਕਮ ਪਾਰਟੀ ਦੀ ਪਾਲਸੀ ਨੇ ਪਹਿਲਾਂ ਹੀ ਕਾਫੀ ਨੁਕਸਾਨ ਕੀਤਾ ਹੈ। ਜਿਸ ਤਰਾਂ ਦੀ ਅਵਸਥਾ ਜੰਮੂ-ਕਸ਼ਮੀਰ ਵਿਚ ਅਜ ਗਵਰਨਰੀ ਰਾਜ ਸਮੇਂ ਹੈ ਉਸ ਨੂੰ ਵੱਖਵਾਦੀ ਅਤੇ ਪਾਕਿਸਤਾਨ-ਪੱਖੀ ਤੱਤ ਇਸ ਪੱਖ ਤੋਂ ਵਰਤ ਰਹੇ ਹਨ ਕਿ ਇਸ ਖੇਤਰ ਵਿਚ ਕੇਂਦਰ ਦੀ ਸਰਕਾਰ ਨੇ ਜਬਰੀ ਕਬਜ਼ਾ ਕਰ ਰਖਿਆ ਹੈ। ਅਥਵਾ ਉਹ ਗਵਰਨਰੀ ਰਾਜ ਨੂੰ ਦਿੱਲੀ ਦੇ ਪੰਜੇ ਹੇਠ ਦਸ ਰਹੇ ਹਨ।

ਜੇ ਜੰਮੂ-ਕਸ਼ਮੀਰ ਵਿਚ ਚੋਣਾਂ ਦਾ ਐਲਾਨ ਕਰ ਦਿਤਾ ਜਾਂਦਾ ਹੈ ਤਾਂ ਨਿਸਚੇ ਹੀ ਇਸ ਨਾਲ ਇਹਨਾਂ ਤੱਤਾਂ ਦੇ ਇਸ ਕਿਸਮ ਦੇ ਪਰਚਾਰ ਤੇ ਦੂਸ਼ਣਾ ਲਈ ਕੋਈ ਆਧਾਰ ਨਹੀਂ ਰਹੇਗਾ।

ਬੰਬੇ ਸਵੀਟਸ ਮੈਨੂਫੈਕਚਰਰ ਇਨਕ
ਮਠਿਆਈਆਂ ਦੀ ਸਭ ਤੋਂ ਵੱਡੀ ਦੁਕਾਨ!
BOMBAY SWEETS MANUFACTURER INC.
6556-6560 MAIN (at 49th. Ave.)
VANCOUVER, B.C. V5X 3G9
Tel. (604)321-1414
or 874-5722
CONTACT:
NARESH SHUKLA & BROS.
$2.50/ ਪੌਂਡ ਵਾਲੀਆਂ ਜਲੇਬੀਆਂ $1.49
$2.50/ ਪੌਂਡ ਵਾਲੇ ਲੱਡੂ $1.75

# ਜ਼ਿਆ ਦੀ ਪੱਤੇਬਾਜ਼ੀ

ਪਕਿਸਤਾਨ ਪੀਪਲਜ਼ ਪਾਰਟੀ ਦੀ ਕਾਇਮ ਮੁਕਾਮ ਪ੍ਰਧਾਨ ਕੁਮਾਰੀ ਬੇਨਜ਼ੀਰ ਭੁੱਟੋ ਦੀਆਂ ਰਾਜਸੀ ਸਰਗਰਮੀਆਂ ਨੂੰ ਉਤਸ਼ਾਹਤ ਕਰਨ ਦੀ ਭਾਰਤ ਵਿਰੁੱਧ ਕੀਤੀ ਗਈ ਜ਼ਿਆ ਦੀ ਤੁਹਮਤਬਾਜ਼ੀ ਦੇ ਖਿਲਾਫ ਭਾਰਤ ਦੇ ਬਦੇਸ਼ ਮੰਤਰੀ ਸ੍ਰੀ ਬਲੀ ਰਾਮ ਭਗਤ ਤੇ ਪਾਰਲੀਮੈਂਟ ਮੈਂਬਰਾਂ ਵਲੋਂ ਹੱਕੀ ਤੌਰ ਤੇ ਰੋਹ ਤੇ ਖੇਦ ਦਾ ਪ੍ਰਗਟਾਵਾ ਕੀਤਾ ਗਿਆ ਹੈ।

ਭਾਰਤ ਦੇ ਬਦੇਸ਼ ਮੰਤਰੀ ਨੇ ਬਦੇਸ਼ ਵਚਾਰਤ ਨਾਲ ਨੱਥੀ ਪਾਰਲੀਮੈਂਟ ਮੈਂਬਰਾਂ ਦੀ ਸਲਾਹਕਾਰ ਕਮੇਟੀ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਇਹ ਗੱਲ ਹੈਰਾਨੀਜਨਕ ਹੈ ਕਿ ਪਾਕਿਸਤਾਨ ਦਾ ਹਾਕਮ ਕੇਵਲ ਮਨੌਤ ਦੇ ਅਧਾਰ ਤੇ ਅਜਿਹੀ ਤੁਹਮਤਬਾਜ਼ੀ ਕਰ ਰਿਹਾ ਹੈ। ਉਹਨਾਂ ਕਿਹਾ ਕਿ ਇਹ ਗੱਲ ਵਿਸ਼ੇਸ਼ ਤੌਰ ਤੇ ਅਫਸੋਸਨਾਕ ਹੈ ਕਿ ਜਨਰਲ ਜ਼ਿਆ ਅਜਿਹੇ ਇਲਜ਼ਾਮ ਲਾ ਰਿਹਾ ਜਦੋਂ ਕਿ ਨਾਲ ਨਾਲ ਵਾਰ ਵਾਰ ਇਹ ਦਾਅਵੇ ਵੀ ਕਰ ਰਿਹਾ ਹੈ ਕਿ ਉਹ ਭਾਰਤ ਨਾਲ ਆਪਣੇ ਸਬੰਧਾਂ ਨੂੰ ਸੁਧਾਰਨਾ ਚਾਹੁੰਦਾ ਹੈ।

ਬਹੁਤ ਸਾਰੇ ਮੈਂਬਰਾਂ ਨੇ ਤਕਰੀਰ ਕਰਦੇ ਹੋਏ ਵਿਚਾਰ ਪ੍ਰਗਟ ਕੀਤਾ ਕਿ ਪੰਜਾਬ ਵਿਚ ਭਾਰਤ ਵਿਰੋਧੀ ਸਰਗਰਮੀਆਂ ਵਿਚ ਜ਼ਿਆ ਜੁੰਡੀ ਦੇ ਵਧ ਰਹੇ ਉਲਝਾਅ ਤੋਂ ਧਿਆਨ ਲਾਂਭੇ ਲਿਜਾਣ ਲਈ ਅਤੇ ਆਪਣੀਆਂ ਅੰਦਰੂਨੀ ਔਕੜਾਂ ਦੇ ਬਦੇਸ਼ੀਕਰਨ ਲਈ ਇਹ ਜ਼ਿਆ ਵਲੋਂ ਜਾਣ ਬੁਝਕੇ ਕੀਤੀ ਬੁਖਲਾਹਟ ਭਰੀ ਕੋਸ਼ਿਸ਼ ਹੈ। ਉਹਨਾਂ ਕਿਹਾ ਕਿ ਇਹ ਕਾਰਵਾਈ ਅਮਰੀਕੀ ਪ੍ਰਧਾਨ ਸ੍ਰੀ ਰੋਨਾਲਡ ਰੀਗਨ ਦੀ ਖੁਸ਼ਨੂਦੀ ਹਾਸਿਲ ਕਰਨ ਤੇ ਅਮਰੀਕਾ ਤੋਂ ਵਧੇਰੇ ਫੌਜੀ ਤੇ ਆਰਥਕ ਸਹਾਇਤਾ ਲੈਣ ਦੀ ਕੋਸ਼ਿਸ਼ ਹੈ।

ਪਾਕਿਸਤਾਨ ਦੇ ਫੌਜੀ ਹਾਕਮ ਜ਼ਿਆ-ਉਲ-ਹੱਕ ਨੇ ਲੰਡਨ ਦੇ ਅਖਬਾਰ ਸੰਡੇ ਟਾਈਮਜ਼ ਨਾਲ ਇਕ ਭੇਂਟ ਵਾਰਤਾ ਵਿਚ ਤੁਹਮਤ ਲਾਈ ਸੀ ਕਿ ਭਾਰਤ ਤੇ ਸੋਵੀਅਤ ਯੂਨੀਅਨ ਉਸ (ਜ਼ਿਆ) ਵਿਰੁੱਧ ਚਲ ਰਹੀ ਲਹਿਰ ਦਾ ਸਮਰਥਨ ਕਰ ਰਹੇ ਹਨ ਕਿਉਂਕਿ ਦੋਵੇਂ ਦੇਸ਼ ਹਮੇਸ਼ਾਂ ਪਾਕਿਸਤਾਨ ਨੂੰ ਅਸਥਿਰ ਕਰਨ ਦਾ ਯਤਨ ਕਰਦੇ ਆ ਰਹੇ ਹਨ।

ਪਾਕਿਸਤਾਨ ਦੇ ਹਾਕਮ ਨੇ ਇਹ ਇਲਜ਼ਾਮ ਉਦੋਂ ਲਾਇਆ ਹੈ ਜਦੋਂ ਖ਼ੁਦ ਭਾਰਤ ਦੇ ਅੱਤਵਾਦੀਆਂ ਤੇ ਅਫਗਾਨਿਸਤਾਨ ਦੇ ਉਲਟ ਇਨਕਲਾਬੀਆਂ ਨੂੰ ਜ਼ਿਆ ਜੁੰਡੀ ਦੇ ਆਰਥਕ ਤੇ ਪਦਾਰਥਕ ਸਮਰਥਨ ਦੇ ਖੁਲੇ ਸਬੂਤ ਮੌਜੂਦ ਹਨ। ਪਾਕਿਸਤਾਨ ਅੰਦਰ ਦੋ ਦਰਜਨ ਦੇ ਕਰੀਬ ਅਜਿਹੇ ਕੈਂਪ ਹਨ ਜਿਹਨਾਂ ਵਿਚ ਸਿੱਖ ਅੱਤਵਾਦੀਆਂ ਨੂੰ ਸਿਖਲਾਈ ਦੇ ਕੇ ਆਧੁਨਿਕ ਹਥਿਆਰਾਂ ਨਾਲ ਲੈਸ ਕਰਕੇ ਇਕ ਫਿਰਕੇ ਦੇ ਲੋਕਾਂ ਨੂੰ ਕਤਲ ਕਰਨ ਤੇ ਭਾਰਤ ਨੂੰ ਅਸਥਿਰ ਕਰਨ ਲਈ ਸਰਹੱਦੋਂ ਪਾਰ ਭੇਜਿਆ ਜਾਂਦਾ ਹੈ। ਇਸੇ ਪ੍ਰਕਾਰ ਪਾਕਿਸਤਾਨ ਦੇ ਸਰਹੱਦੀ ਸੂਬੇ ਵਿਚ 80 ਦੇ ਲਗਭਗ ਅਜਿਹੇ ਕੈਂਪ ਹਨ ਜਿਹਨਾਂ ਵਿਚ ਅਫਗਾਨ ਉਲਟ-ਇਨਕਲਾਬੀਆਂ ਨੂੰ ਕਤਲੇਆਮ ਕਰਨ, ਸਾੜ ਫੂਕ ਤੇ ਤੋੜ-ਭੰਨ ਦੀ ਸਿਖਲਾਈ ਸੀ. ਆਈ. ਏ. ਦੇ ਏਜੰਟਾਂ ਵਲੋਂ ਦਿਤੀ ਜਾਂਦੀ ਹੈ।

ਜ਼ਿਆ ਜੁੰਡਲੀ ਇਹ ਕਾਰਵਾਈ ਅਮਰੀਕੀ ਸਾਮਰਾਜ ਦੇ ਹਥਠੋਕੇ ਵਜੋਂ ਕਰ ਰਹੀ ਹੈ। ਇਰਾਨ ਵਿਚ ਇਸਲਾਮੀ ਇਨਕਲਾਬ ਪਿਛੋਂ ਦੱਖਣੀ ਪੂਰਬੀ ਏਸ਼ੀਆ ਵਿਚ ਅਮਰੀਕਾ ਨੇ ਪਾਕਿਸਤਾਨ ਨੂੰ ਆਪਣਾ ਹਥਠੋਕਾ ਬਣਾ ਲਿਆ ਹੈ ਜਿਸਦੇ ਰਾਹੀਂ ਇਕ ਪਾਸੇ ਮੱਧ ਪੂਰਬ ਦੇ ਤੇਲ ਖੂਹਾਂ ਤੇ ਅਮਰੀਕੀ ਗਲਬਾ ਕਾਇਮ ਕਰਨ ਤੇ ਦੂਜੇ ਪਾਸੇ ਅਫਗਾਨਿਸਤਾਨ ਦੀ ਲੋਕ ਜਮਹੂਰੀ ਸਰਕਾਰ ਨੂੰ ਡੇਗਣ ਤੇ ਭਾਰਤ ਨੂੰ ਅਸਥਿਰ ਕਰਨ ਦੇ ਸਾਮਰਾਜੀ ਮਨਸੂਬਿਆਂ ਨੂੰ ਨੇਪਰੇ ਚਾੜਨ ਲਈ ਯਤਨ ਹੋ ਰਹੇ ਹਨ। ਜ਼ਿਆ ਜੁੰਡੀ ਰੀਗਨ ਪ੍ਰਸ਼ਾਸਤ ਤੋਂ ਨਵੀਂ ਆਰਥਕ ਤੇ ਫੌਜੀ ਸਹਾਇਤਾ ਦੇ ਬਦਲੇ ਪਾਕਿਸਤਾਨ ਅਮਰੀਕਾ ਨੂੰ ਫੌਜੀ ਅੱਡੇ ਦੇ ਰਿਹਾ ਹੈ।

ਪਾਕਿਸਤਾਨ ਹਾਕਮਾਂ ਦੇ ਦੇਸ਼ ਨੂੰ ਅਮਰੀਕੀ ਹੱਥਾਂ ਵਿਚ ਵੇਚਣ ਵਿਰੁੱਧ ਉਥੇ ਦੀ ਜਨਤਾ ਵਿਚ ਰੋਸ ਉਠਣਾ ਸੁਭਾਵਕ ਹੈ। ਪਿਛਲੇ ਦਿਨੀਂ ਜਦੋਂ ਅਮਰੀਕਾ ਦੇ ਸਤਵੇਂ ਜੰਗੀ ਬੇੜੇ ਨੇ ਕਰਾਚੀ ਬੰਦਰਗਾਹ ਤੇ ਲੰਗਰ ਲਾਏ ਤਾਂ ਉਥੇ ਜਨਤਾ ਨੇ ਉਸ ਵਿਰੁੱਧ ਕਰਾਚੀ ਵਿਚ ਪੁਰਜ਼ੋਰ ਮੁਜ਼ਾਹਰੇ ਕੀਤੇ। ਲਾਹੌਰ ਤੇ ਪਾਕਿਸਤਾਨ ਦੇ ਹੋਰਨਾਂ ਸ਼ਹਿਰਾਂ ਵਿਚ ਵੀ ਅਮਰੀਕਾ ਵਿਰੁੱਧ ਮੁਜ਼ਾਹਰੇ ਕੀਤੇ ਗਏ ਜਿਸ ਦੌਰਾਨ ਅਮਰੀਕੀ ਝੰਡੇ ਸਾੜੇ ਗਏ। ਅਮਰੀਕਾ ਵਿਰੁੱਧ ਜਨਤਾ ਦਾ ਰੋਹ ਇਸ ਕਾਰਨ ਹੈ ਕਿ ਉਹ ਮਹਿਸੂਸ ਕਰਦੀ ਹੈ ਕਿ ਜ਼ਿਆ ਜੁੰਡੀ ਅਮਰੀਕੀ ਠੁੰਮਣੀ ਨਾਲ ਟਿਕੀ ਹੋਈ ਹੈ। ਜਮਹੂਰੀਅਤ ਦੀ ਹਵਾ 'ਚ ਸਾਹ ਲੈਣ ਦੇ ਇਛੁੱਕ ਲੋਕਾਂ ਵਿਚ ਅਮਰੀਕਾ ਵਿਰੁੱਧ ਰੋਸ ਉਠਣਾ ਕੁਦਰਤੀ ਹੈ। ਇਸੇ ਸਬੰਧ ਵਿਚ, ਬੇਨਜ਼ੀਰ ਭੁੱਟੋ ਨੇ ਇਹ ਬਿਆਨ ਦੇ ਕੇ ਪਾਕਿਸਤਾਨ ਦੀ ਜਨਤਾ ਦੀਆਂ ਖ਼ਾਹਿਸ਼ਾਂ ਦੀ ਤਰਜਮਾਨੀ ਕੀਤੀ ਹੈ ਕਿ ਜ਼ਿਆ ਜੁੰਡੀ ਅਜਿਹੀ ਬਦੇਸ਼ ਨੀਤੀ ਅਖਤਿਆਰ ਕਰ ਰਹੀ ਹੈ ਜਿਸ ਕਾਰਨ ਗੁਆਂਢੀਆਂ ਨਾਲ ਸਬੰਧ ਖਰਾਬ ਹੋ ਰਹੇ ਹਨ ਤੇ ਪਾਕਿਸਤਾਨ ਦੇ ਕੌਮੀ ਹਿੱਤਾਂ ਨੂੰ ਸੱਟ ਵਜ ਰਹੀ ਹੈ।

ਜ਼ਿਆ ਦੇ ਆਪਣੀਆਂ ਅੰਦਰੂਨੀ ਔਕੜਾਂ ਦੇ ਬਾਹਰੀਕਰਨ ਵਿਰੁਧ ਹਿੰਦ ਵਲੋਂ ਪ੍ਰਗਟ ਕੀਤਾ ਗਿਆ ਰੋਸ ਹੱਕੀ ਹੈ। ਹਿੰਦ ਮਹਾਂਦੀਪ ਵਿਚ ਸ਼ਾਂਤੀ ਦੇ ਹਿੱਤ ਪਾਕਿਸਤਾਨ ਤੇ ਭਾਰਤ ਦੀ ਜਨਤਾ ਦੇ ਵਿਸ਼ਾਲ ਹਿੱਤ ਮੰਗ ਕਰਦੇ ਹਨ ਕਿ ਜ਼ਿਆ ਜੁੰਡੀ ਦੀਆਂ ਗੁਆਂਢੀ ਦੇਸ਼ਾਂ ਨਾਲ ਟਕਰਾਓ ਦੀਆਂ ਨੀਤੀਆਂ ਦਾ ਖੰਡਨ ਕੀਤਾ ਜਾਵੇ ਜਿਹੜਾ ਉਥੇ ਜਮਹੂਰੀਅੱਤ ਦੀ ਬਹਾਲੀ ਰਾਹੀਂ ਹੀ ਸੰਭਵ ਹੈ। ●

## ਗ਼ਜ਼ਲ

—ਹਰਭਜਨ 'ਹੁੰਦਲ'

ਕੈਸਾ ਜਲਵਾ ਕਰਕੇ ਤੁਸਾਂ ਵਿਖਾ ਦਿੱਤਾ।
ਸੁੱਤਾ ਨਾਗ ਜ਼ਹਿਰੀਲਾ ਛੇੜ ਜਗਾ ਦਿੱਤਾ।

ਇਕ ਦੂਜੇ ਦੀ ਛਾਵੇਂ ਚਿਰ ਤੋਂ ਬਹਿੰਦੇ ਸੀ,
ਸਾਂਝਾਂ ਦਾ ਬਿਰਖ ਸਿਰੋਂ ਕਟਵਾ ਦਿੱਤਾ।

ਸੂਰਜ ਦੂਰੋਂ ਹੱਥ ਹਿਲਾ ਕੇ ਤੁਰ ਜਾਂਦਾ,
ਕਰ ਕਰ ਪੁੱਠੇ ਕੰਮ ਜਿਵੇਂ ਰੁਸਵਾ ਦਿੱਤਾ।

ਪਹਿਲਾਂ ਵੀ ਤੇ ਸਾਡਾ ਸਫ਼ਰ ਅਧੂਰਾ ਸੀ,
ਹੁਣ ਡੇਰਾ ਉਦਰੇਵੇਂ ਦਾ ਹੈ ਲਾ ਦਿੱਤਾ।

ਕਿਸ ਦੋਸ਼ੀ ਦੇ ਉੱਤੇ ਉਂਗਲ ਰੱਖੇਗਾ,
ਆਪਣੇ ਹੱਥੀਂ ਘਰ ਨੂੰ ਆਪ ਜਲਾ ਦਿੱਤਾ।

ਕੀ ਕੀ ਜਾ ਕੇ ਹੁਣ ਯਾਰਾਂ ਨੂੰ ਦੱਸਾਂਗੇ,
ਕਿਹੜਾ ਜ਼ਖਮ ਹਟਾਇਆ, ਕਿਹੜਾ ਲਾ ਦਿੱਤਾ।

ਵੈਦ ਵਿਚਾਰੇ ਕਰਦੇ ਵੀ ਤਾਂ ਕੀ ਕਰਦੇ,
ਨੀਮ-ਹਕੀਮਾਂ ਐਸਾ ਰੋਗ ਵਧਾ ਦਿੱਤਾ।

ਜੰਮੂ-ਕਸ਼ਮੀਰ ਦੇ ਸਬੰਧ ਵਿਚ ਇਹ ਕਹੇ ਬਿਨਾਂ ਵੀ ਨਹੀਂ ਰਹਿ ਜਾ ਸਕਦਾ ਕਿ ਇਸ ਖੇਤਰ ਵਿਚ ਸਰਕਾਰੀ ਮਸ਼ੀਨਰੀ ਅੰਦਰ ਵੀ ਕੁਝ ਤੱਤ ਵੱਖਵਾਦੀ ਪਰਚਾਰਕ ਜਥੇਬੰਦੀਆਂ ਦੀ ਵੱਖ ਵੱਖ ਢੰਗਾਂ ਨਾਲ ਸਹਾਇਤਾ ਕਰ ਰਹੇ ਹਨ। ਇਹਨਾਂ ਤੱਤਾਂ ਦਾ ਕਿਸੇ ਤਰਾਂ ਵੀ ਲਿਹਾਜ਼ ਨਹੀਂ ਕੀਤਾ ਜਾਣਾ ਚਾਹੀਦਾ।

# ਬਾਗੀ ਅਕਾਲੀ

ਬਾਗੀ ਅਕਾਲੀ ਆਗੂਆਂ ਨੇ ਭਾਵੇਂ ਅੰਦਰਖਾਤੇ ਆਪਣੀਆਂ ਸਰਗਰਮੀਆਂ ਤੇਜ਼ ਕੀਤੀਆਂ ਹੋਈਆਂ ਹਨ ਪਰ ਉਹਨਾਂ ਨੂੰ ਇਸ ਗੱਲ ਦਾ ਗਿਆਨ ਹੋ ਚੁਕਾ ਹੈ ਕਿ ਉਹ ਨਾ ਤਾਂ ਆਪਣੇ ਪਿੱਛੇ ਬਹੁ-ਸੰਮਤੀ ਅਕਾਲੀ ਅਸੰਬਲੀ ਮੈਂਬਰ ਲੇਜਾ ਸਕਦੇ ਹਨ ਤੇ ਨਾ ਹੀ ਬਰਨਾਲਾ ਵਜ਼ਾਰਤ ਨੂੰ ਡੇਗ ਸਕਦੇ ਹਨ।

ਦੋ ਦਿਨ ਪਹਿਲਾਂ ਬਾਗੀ ਅਕਾਲੀ ਨੇਤਾ ਪ੍ਰਕਾਸ਼ ਸਿੰਘ ਬਾਦਲ ਨੇ ਇਕ ਪ੍ਰੈਸ ਕਾਨਫਰੰਸ ਲਾਕੇ ਆਪਣੇ ਹਮਾਇਤੀ 29 ਅਸੰਬਲੀ ਮੈਂਬਰਾਂ ਦੀ ਜਿਹੜੀ ਲਿਸਟ ਪੇਸ਼ ਕੀਤੀ ਉਹ ਸਾਰੇ ਮੈਂਬਰ ਬਾਗੀਆਂ ਨਾਲ ਕਿੰਨੇ ਕੁ ਪੱਕੇ ਹਨ ਇਸ ਗੱਲ ਦਾ ਅੰਦਾਜ਼ਾ ਲਿਸਟ ਵਿਚ ਰੱਖੇ ਮੈਂਬਰ ਦੇ ਉਸੇ ਸਮੇਂ ਮੁਖ ਮੰਤਰੀ ਦੀ ਕੋਠੀ ਵਿਚ ਹਾਜ਼ਰ ਹੋਣ ਤੋਂ ਹੀ ਲੱਗ ਜਾਂਦਾ ਹੈ। ਇਸ ਤੋਂ ਸਾਫ਼ ਹੈ ਕਿ ਇਹ ਲਿਸਟ ਵੀ ਹੋਰ ਸੁਕੜ ਜਾਵੇਗੀ। ਸੰਭਵ ਹੈ ਕਿ ਕੁਝ ਮੈਂਬਰ ਆਪਣਾ ਮੁੱਲ ਪਵਾਉਣ ਲਈ ਓਧਰ ਚਲੇ ਗਏ ਹੋਣ।

ਮੁਖ ਮੰਤਰੀ ਅਤੇ ਅਕਾਲੀ ਆਗੂ ਸੁਰਜੀਤ ਸਿੰਘ ਬਰਨਾਲਾ ਨੇ ਜਿਸ ਢੰਗ ਨਾਲ ਆਪਣਾ ਕੇਸ ਲੋਕਾਂ ਦੀ ਕਚਹਿਰੀ ਵਿਚ ਪੇਸ਼ ਕੀਤਾ ਹੈ ਉਸ ਨਾਲ ਸੌੜੇ ਸਿਆਸੀ ਮਨੋਰਥ ਹਸਲ ਕਰਨ ਵਾਲੇ ਬਾਗੀ ਆਗੂ ਬੁਰੀ ਤਰਾਂ ਲਾਜੁਆਬ ਹੋ ਗਏ ਹਨ।

ਬਾਗੀ ਅਕਾਲੀ ਆਗੂ ਇਹ ਤਾਂ ਮੰਨਦੇ ਹਨ ਕਿ ਉਹ ਸ੍ਰੀ ਹਰਮੰਦਰ ਸਾਹਿਬ ਨੂੰ ਅੱਤਵਾਦੀ-ਵੱਖਵਾਦੀ ਤੱਤਾਂ ਤੋਂ ਆਜ਼ਾਦ ਕਰਾਉਣ ਦੇ ਹੱਕ ਵਿਚ ਸਨ ਪਰ ਪੁਲਸ ਰਾਹੀਂ ਆਜ਼ਾਦ ਕਰਾਉਣ ਦਾ ਉਹ ਵਿਰੋਧ ਕਰ ਰਹੇ ਹਨ।

ਪਿਛਲੇ ਦਿਨ ਦੇ ਅਖਬਾਰਾਂ ਵਿਚ ਪੰਜਾਬ ਦੇ ਮੁਖ ਮੰਤਰੀ ਵਲੋਂ ਇਕ ਇਸ਼ਤਿਹਾਰ ਛਪਿਆ ਹੈ। ਉਸ ਇਸ਼ਤਿਹਾਰ ਵਿਚ ਉਹਨਾਂ ਨੇ ਬਾਗੀ ਅਕਾਲੀ ਆਗੂਆਂ ਤੋਂ ਕੁਝ ਸੁਆਲ ਪੁੱਛੇ ਹਨ। ਉਹ ਆਖਦੇ ਹਨ : ਜਿਹੜੇ ਲੋਕ ਇਹ ਕਹਿੰਦੇ ਹਨ ਕਿ ਅਸੀਂ ਜਥਿਆਂ ਦੀ ਅਗਵਾਈ ਕਰਕੇ ਹਰਿਮੰਦਰ ਸਾਹਿਬ ਨੂੰ ਮੁਕਤ ਕਰਾਉਣ ਲਈ ਤਿਆਰ ਸਾਂ, ਕੀ ਉਹ ਪਿਛਲੇ ਤਿੰਨ ਮਹੀਨੇ ਵਿਚ ਹਰਮੰਦਰ ਸਾਹਿਬ ਮੱਥਾ ਟੇਕਣ ਤੱਕ ਵੀ ਗਏ?

ਜਦੋਂ ਛੱਬੀ ਜਨਵਰੀ ਦੇ ਸ੍ਰੀ ਹਰਮੰਦਰ ਸਾਹਿਬ ਵਿਖੇ ਕੀਤੇ ਗਏ ਇਕੱਠ ਵਿਚ ਅੱਤਵਾਦੀ ਤੱਤਾਂ ਨੇ ਜਮਹੂਰੀ ਢੰਗ ਨਾਲ ਚੁਣੀ ਹੋਈ ਕਮੇਟੀ ਭੰਗ ਕਰਕੇ ਵੱਖਵਾਦ ਦਾ ਖਰੜਾ ਜਾਰੀ ਕੀਤਾ ਅਤੇ ਇਸ ਤਰਾਂ ਅਕਾਲੀ ਪਾਰਟੀ, ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਅਤੇ ਬਰਨਾਲਾ ਸਰਕਾਰ ਲਈ ਚੈਲਿੰਜ ਸੁਟਿਆ ਤਾਂ ਇਸ ਸਭ ਕੁਝ ਦਾ ਟਾਕਰਾ ਕਰਨ ਲਈ ਅਕਾਲੀ ਪਾਰਟੀ ਨੇ ਅਨੰਦਪੁਰ ਸਾਹਿਬ ਵਿਖੇ 16 ਫਰਵਰੀ ਨੂੰ ਸਰਬਤ ਖਾਲਸਾ ਬੁਲਾਇਆ। ਇਸ ਵਿਚ ਜਿਹੜੇ ਫੈਸਲੇ ਲਏ ਜਾਣੇ ਸਨ ਉਹ ਪਹਿਲਾਂ ਹੀ ਅਕਾਲੀ ਹਾਈ ਕਮਾਂਡ ਨੇ ਵਿਚਾਰੇ/ਪਰ ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਪਰਧਾਨ ਹੋਣ ਵਜੋਂ ਆਪਣੀਆਂ ਜੁਮੇਵਾਰੀਆਂ ਨਿਭਾਉਣ ਦੀ ਥਾਂ ਗੁਰਚਰਨ ਸਿਘ ਟੌਹੜਾ ਨੇ ਆਪਣਾ ਅਸਤੀਫਾ ਲਿਖ ਕੇ ਸ਼ਿਰੀ ਸੁਰਜੀਤ ਸਿੰਘ ਬਰਨਾਲਾ ਨੂੰ ਪੇਸ਼ ਕਰ ਦਿੱਤਾ। ਇਸ ਤੋਂ ਬਿਨਾ ਪ੍ਰਕਾਸ਼ ਸਿੰਘ ਬਾਦਲ ਨੇ ਸਰਬਤ ਖਾਲਸਾ ਸੰਮੇਲਨ ਵਿਚ ਇਹ ਟਿਪਣੀ ਕਰਕੇ ਸ੍ਰੀ ਹਰਮੰਦਰ ਸਾਹਿਬ ਅੰਦਰ ਬੈਠੇ ਅੱਤਵਾਦੀ ਤੱਤਾਂ ਦੀ ਪਿੱਠ ਠੋਕੀ ਕਿ ਪੁਲਸ ਨੂੰ ਕਦਾਚਿਤ ਸ੍ਰੀ ਹਰਮੰਦਰ ਸ਼ਾਹਿਬ ਅੰਦਰ ਜਾਣ ਦੀ ਆਗਿਆ ਨਹੀਂ ਦਿੱਤੀ ਜਾਣੀ ਚਾਹੀਦੀ।

ਸਪੱਸ਼ਟ ਹੀ ਹੈ ਕਿ ਜਿਹੜੇ ਲੋਕ ਅੱਜ ਇਹ ਦਲੀਲਾਂ ਦੇ ਰਹੇ ਹਨ ਕਿ ਸ੍ਰੀ ਹਰਮੰਦਰ ਸਾਹਿਬ ਕੰਪਲੈਕਸ ਨੂੰ ਅੱਤਵਾਦੀਆਂ ਤੋਂ ਮੁਕਤ ਕਰਾਉਣ ਲਈ ਜਥੇ ਭੇਜਣੇ ਚਾਹੀਦੇ ਸਨ ਉਹ ਜਥੇ ਲੇਜਾਣ ਦੀਆਂ ਆਪਣੀਆਂ ਜੁਮੇਵਾਰੀਆਂ ਤੋਂ ਹੀ ਭੱਜ ਤੁਰੇ। ਏਥੋਂ ਤੱਕ ਕਿ ਸਰਬਤ ਖਾਲਸਾ ਸੰਮੇਲਨ ਦੇ ਫੈਸਲਿਆਂ ਤੋਂ ਪਿਛੋਂ ਉਹ ਪਿਛਲੇ ਤਿੰਨ ਮਹੀਨਿਆਂ ਵਿਚ ਹਰਿਮੰਦਰ ਸਾਹਿਬ ਮੱਥਾ ਟੇਕਣ ਤੱਕ ਵੀ ਨਾ ਗਏ।

ਅੱਤਵਾਦੀ-ਵੱਖਵਾਦੀ ਤੱਤਾਂ ਨੇ ਨਾ ਕੇਵਲ ਸ੍ਰੀ ਹਰਮੰਦਰ ਸਾਹਿਬ ਕੰਪਲੈਕਸ ਉੱਤੇ ਹੀ ਕਬਜ਼ਾ ਕਰ ਰਖਿਆ ਸੀ ਸਗੋਂ ਉਹਨਾਂ ਨੇ ਇਸ ਖੇਤਰ ਵਿਚ ਡਰ ਤੇ ਦਹਿਸ਼ਤ ਦਾ ਮਾਹੌਲ ਵੀ ਪੈਦਾ ਕਰ ਰਖਿਆ ਸੀ। ਇਹ ਤੱਤ ਦਰਬਾਰ ਸਾਹਿਬ ਜਾਣ ਵਾਲੇ ਸ਼ਰਧਾਲੂਆਂ ਦੀ ਵੀ ਬੇਇਜ਼ਤੀ ਕਰਦੇ ਚਲੇ ਆ ਰਹੇ ਸਨ। ਇਸ ਸਭ ਕੁਝ ਉੱਤੇ ਇਹਨਾਂ ਨੇ ਸ੍ਰੀ ਅਕਾਲ ਤਖਤ ਦੀ ਕਾਰ ਸੇਵਾ ਦਾ ਪਰਦਾ ਪਾ ਰਖਿਆ ਸੀ।

ਅਤੇ ਕੇਵਲ ਸ੍ਰੀ ਹਰਮੰਦਰ ਸਾਹਿਬ ਕੰਪਲੈਕਸ ਹੀ ਨਹੀਂ ਇਹਨਾਂ ਤੱਤਾਂ ਵਲੋਂ ਹੋਰ ਬਹੁਤ ਸਾਰੇ ਇਤਿਹਾਸਕ ਗੁਰਦਵਾਰਿਆਂ ਉੱਤੇ ਵੀ ਕਬਜ਼ਾ ਜਮਾ ਲਿਆ ਗਿਆ ਸੀ। ਸਪੱਸ਼ਟ ਹੀ ਹੈ ਕਿ ਇਹ ਤੱਤ ਇਕ ਖਾਸ ਨਿਸ਼ਾਨੇ ਵੱਲ ਅੱਗੇ ਵਧ ਰਹੇ ਸਨ ਅਤੇ ਕੋਈ ਦਲੀਲਬਾਜ਼ੀ ਸੁਣਨ ਲਈ ਤਿਆਰ ਨਹੀਂ ਸਨ।

ਸ਼ਿਰੀ ਸੁਰਜੀਤ ਸਿੰਘ ਬਰਨਾਲਾ ਦੀ ਇਸ ਪੱਖ ਤੋਂ ਤਾਂ ਨੁਕਤਾਚੀਨੀ ਕੀਤੀ ਜਾ ਸਕਦੀ ਹੈ ਕਿ ਉਹਨਾਂ ਨੇ ਸਰਬਤ ਖਾਲਸਾ ਵਲੋਂ ਪਕਾਏ ਮਤਿਆਂ ਨੂੰ ਅਮਲੀ ਸ਼ਕਲ ਦੇਣ ਵਿਚ ਦੇਰੀ ਕੀਤੀ, ਪਰ ਜੋ ਕੁਝ ਉਹਨਾਂ ਨੇ ਸ੍ਰੀ ਹਰਮੰਦਰ ਸਾਹਿਬ ਕੰਪਲੈਕਸ ਅੰਦਰੋਂ ਖਾਲਿਸਤਾਨ ਲਈ ਜੰਗ ਕਰਨ ਦੇ ਐਲਾਨ ਤੋਂ ਪਿਛੋਂ ਕੀਤਾ ਉਸ ਨੂੰ ਕਿਸੇ ਵੀ ਤਰਾਂ ਗਲਤ ਨਹੀਂ ਆਖਿਆ ਜਾ ਸਕਦਾ।ਕੋਈ ਵੀ ਸਰਕਾਰ ਆਪਣੇ ਖੇਤਰ ਵਿਚ ਬਗਾਵਤ ਕਰਨ ਵਾਲਿਆਂ ਕਾਰਵਾਈਆਂ ਦੀ ਆਗਿਆ ਨਹੀਂ ਦੇ ਸਕਦੀ। ਜਿਹੜੇ ਕਦਮ ਸਰਕਾਰ ਨੇ ਬਗਾਵਤ ਦਾ ਐਲਾਨ ਕਰਨ ਵਾਲਿਆਂ ਨੂੰ ਹੂੰਝਣ ਅਤੇ ਫੜਨ ਲਈ ਚੁਕੇ ਹਨ ਉਹ ਅਕਾਲੀ ਪਾਰਟੀ ਵਲੋਂ ਧਾਰਨ ਕੀਤੀ ਸੇਧ ਅਨੁਸਾਰ ਹੀ ਹਨ।

ਸ਼ਿਰੀ ਬਾਦਲ ਦੇਸ਼ ਦੀ ਏਕਤਾ ਅਤੇ ਯਕ-ਜਹਿਤੀ ਲਈ ਖਲੋਣ ਦੀ ਗੱਲ ਕਰਦੇ ਹਨ। ਉਹਨਾਂ ਨੇ ਖਾਲਿਸਤਾਨ ਲਈ ਜੰਗ ਦਾ ਐਲਾਨ ਕਰਨ ਵਾਲਿਆਂ ਦੀ ਵੀ ਨੁਕਤਾਚੀਨੀ ਕੀਤੀ। ਪਰ ਇਹਨਾਂ ਤੱਤਾਂ ਦੇ ਇਸ ਤਰਾਂ ਦੇ ਐਲਾਨ ਤੋਂ ਪਿਛੋਂ ਕੀ ਇਹਨਾਂ ਨੂੰ ਇਸ ਤਰਾਂ ਹੀ ਬੁਕਣ ਦਿਤਾ ਜਾਂਦਾ?

ਬਾਦਲ ਸਾਹਿਬ ਅਤੇ ਹੋਰ ਬਾਗੀ ਅਕਾਲੀ ਇਹ ਗੱਲ ਕਿਉਂ ਨਹੀਂ ਸਮਝਦੇ ਕਿ ਜਿਹੜੇ ਤੱਤ ਇਸ ਤਰਾਂ ਦੇ ਐਲਾਨ ਕਰ ਰਹੇ ਹਨ ਇਹਨਾਂ ਨੂੰ ਅਮਰੀਕੀ ਸਾਮਰਾਜ ਤੇ ਪਾਕਿਸਤਾਨ ਦੀ ਫੌਜੀ ਜੁੰਡੀ ਦੀ ਪੂਰੀ ਪੂਰੀ ਸ਼ਹਿ ਅਤੇ ਮਦਦ ਪ੍ਰਾਪਤ ਹੈ। ਏਹੋ ਹੀ ਨਹੀਂ ਇਹ ਤੱਤ ਹੋਰ ਕਈ ਖਤਰਨਾਕ ਵਿਉਂਤਾਂ ਵਿਉਂਤ ਰਹੇ ਹਨ।

ਜੇ ਬਾਗੀ ਅਕਾਲੀ ਆਗੂ ਸੱਚ ਹੀ ਦੇਸ ਦੀ ਏਕਤਾ ਲਈ, ਪੰਜਾਬੀ ਏਕਤਾ ਲਈ ਖਲੋਂਦੇ ਹਨ ਤਾਂ ਉਹਨਾਂ ਨੂੰ ਬਰਨਾਲਾ ਸਰਕਾਰ ਦੇ ਫੈਸਲੇ ਦੀ ਵਿਰੋਧਤਾ ਵਿਚ ਨਹੀਂ ਸੀ ਆਉਣਾ ਚਾਹੀਦਾ। ਪਰ ਸ਼ਾਇਦ ਗੱਦੀ ਪ੍ਰਾਪਤੀ ਦੀ ਝੱਲ ਬਾਦਲ ਸਾਹਿਬ ਤੇ ਹੋਰ ਅਕਾਲੀ ਆਗੂਆਂ ਨੂੰ ਅੱਤਵਦੀ-ਵਖਵਾਦੀ ਤੱਤਾਂ ਦੀ ਵਿੰਗੇ-ਟੇਢੇ ਤਰੀਕੇ ਨਾਲ ਪਿੱਠ ਪੂਰਨ ਵਲ ਲੈ ਗਿਆ ਹੈ।

ਕੀ ਬਾਗੀ ਅਕਾਲੀ ਆਗੂ ਨਵੀਂ ਹਾਲਤ ਵਿਚ ਆਪਣੇ ਦਾਅ-ਪੇਚਾਂ ਦਾ ਫਿਰ ਵਿਸ਼ਲੇਸ਼ਣ ਕਰਨਗੇ?

## ਰੁਬਾਈ

ਠਾਠਾਂ ਮਾਰ 'ਫਰੇਜ਼ਰ' ਵਗਦਾ, ਕੰਢਿਆਂ ਤੀਕਰ ਆਇਆ।
ਧੁਰ ਉੱਤਰ ਦੀਆਂ ਢਲੀਆਂ ਬਰਫਾਂ ਪਾਣੀ ਦੂਣ ਸਵਾਇਆ।
ਨਾ ਗੱਲ ਕਰੇ ਝਨਾਂ-ਪੱਤਣਾਂ ਦੀ, ਨਾ ਸਤਿਲੁਜ ਦੇ ਕੰਢੇ ਦੀ,
ਰੁਖੀਆਂ ਇਸਦੀਆਂ ਰਮਜ਼ਾਂ 'ਸੂਫੀ' ਵੱਖਰੀ ਇਸ ਦੀ ਕਾਇਆ।

**'ਸੂਫੀ' ਅਮਰਜੀਤ**

# ਪਾਕਿ ਨੂੰ ਹੋਰ ਅਮਰੀਕੀ ਹਥਿਆਰ

ਭਾਵੇਂ ਭਾਰਤੀ ਉਪ ਮਹਾਂਦੀਪ ਵਿਚ ਸ਼ਾਂਤੀ ਦੇ ਅਤੇ ਪਾਕਿਸਤਾਨ ਦੇ ਲੋਕਾਂ ਦੇ ਹਿਤ ਮੰਗ ਕਰਦੇ ਹਨ ਕਿ ਪਾਕਿਸਤਾਨ ਭਾਰਤ ਅਤੇ ਇਨਕਲਾਬੀ ਅਫਗਾਨਸਤਾਨ ਸਮੇਤ ਆਪਣੇ ਸਾਰੇ ਗਵਾਂਢੀ ਦੇਸ਼ਾਂ ਨਾਲ ਸਹਿਯੋਗ ਅਤ ਦੋਸਤੀ ਵਾਲੇ ਸਬੰਧ ਰਖੇ, ਅੇਪਰ ਪਾਕਿਸਤਾਨ ਦਾ ਫੌਜੀ ਡਿਕਟੇਟਰ ਜ਼ਿਆ ਇਸ ਦੇ ਉਲਟ ਸੰਸਾਰ ਪੁਲਸੀਏ ਰੀਗਨ ਪ੍ਰਸਾਸ਼ਨ ਦੀਆਂ ਨਵਬਸਤੀਵਾਦੀ ਸੰਸਾਰ 'ਤੇ ਮੁੜ ਗਲਬਾ ਕਾਇਮ ਕਰਨ ਦੀਆਂ ਘਿਨਾਉਣੀਆਂ ਚਾਲਾਂ ਦਾ ਮੋਹਰਾ ਬਣਦਿਆਂ, ਅਮਰੀਕਾ ਤੋਂ ਹੋਰ ਹੋਰ ਨਵੀਨ ਹਥਿਆਰ ਪ੍ਰਾਪਤ ਕਰ ਰਿਹਾ ਹੈ। ਇੰਡੀਅਨ ਐਕਸਪ੍ਰੈਸ ਦੇ ਵਾਸ਼ਿੰਗਟਨ ਸਥਿਤ ਪੱਤਰਕਾਰ ਨੇ 5 ਮਈ ਦੇ ਅਖਬਾਰਾਂ 'ਚ ਛਪੀ ਆਪਣੀ ਵਿਸ਼ੇਸ਼ ਰਿਪੋਟ ਵਿਚ ਦਸਿਆ ਹੈ ਕਿ ਰੀਗਨ ਪ੍ਰਸ਼ਾਸਨ ਪਾਕਿਸਤਾਨ ਨੂੰ 420 ਕਰੋੜ ਡਾਲਰ ਦੇ ਬਰਾਬਰ ਜੰਗੀ ਸਹਾਇਤਾ ਪਹਿਲਾਂ ਨਾਲੋਂ ਵੀ ਰਿਆਇਤੀ ਵਿਆਜ ਦਰ ਉਪਰ ਦੇ ਰਿਹਾ ਹੈ। ਇਸ ਜੰਗੀ ਮੰਤਵਾਂ ਲਈ ਸਹਾਂਇਤਾ ਉਪਰ 5 ਫੀਸਦੀ ਵਿਆਜ ਦਰ ਦੀ ਪੇਸ਼ਕਸ਼ ਕੀਤੀ ਗਈ ਹੈ ਜਦ ਕਿ ਪਹਿਲਾਂ 7 ਅਤੇ 10 ਫੀਸਦੀ ਦਰ ਉਪਰ ਸੀ। ਜ਼ੀਆ ਪ੍ਰਸ਼ਾਸਨ ਨੇ ਇਸ ਸਹਾਇਤਾ ਅਧੀਨ ਅਮਰੀਕਾ ਤੋਂ ਆਪਣੀ ਜਲ ਸੈਨਾ ਲਈ ਹੋਰ ਵਧੇਰੇ ਹਾਰਪੂਨ ਮਿਜ਼ਾਇਲਾਂ, ਤਾਂਬੇ ਦੀ ਨੋਕ ਵਾਲਾ ਲੇਜ਼ਰ ਸੇਧਤ 155 ਮਿਲੀਮੀਟਰ ਤੋਪਖਾਨਾ ਹਥਿਆਰ ਅਤੇ ਜਸੂਸੀ ਕਰਨ ਵਾਲਾ ਅਜੇਹਾ ਇਲਾਕੇਟਰਾਨਿਕ ਗੁਬਾਰਾ ਮੰਗਿਆ ਹੈ ਜਿਹੜਾ ਕਿ ਭਾਰਤ ਅਤੇ ਅਫਗਾਨਸਤਾਨ ਵਿਚ ਦੂਰ ਤੱਕ ਜਾਸੂਸੀ ਕਰ ਸਕਦਾ ਹੈ। ਪਿਛਲੇ ਸਾਲ ਹੀ ਅਮਰੀਕਾ ਨੇ ਪਾਕਿਸਤਾਨ ਨੂੰ ਇਕ ਅਜੇਹੀ ਹਾਕ ਅ ਈ ਰਾਡਾਰ ਪ੍ਰਨਾਲੀ ਸਪਲਾਈ ਕੀਤੀ ਸੀ ਜਿਸ ਨਾਲ ਭਾਰਤ ਅੰਦਰ 640 ਕਿਲੋਮੀਟਰ ਤੱਕ ਸੂਹ ਕੱਢੀ ਜਾ ਸਕਦੀ ਹੈ। ਇਸ ਤੋਂ ਇਲਾਵਾ ਅਮਰੀਕੀ ਖੁਫੀਆ ਤੇ ਤੋੜਫੋੜ ਏਜੰਸੀ ਸੀ. ਆਈ. ਏ. ਨੇ 1985 ਵਿਚ ਪਾਕਿਸਤਾਨ ਨੂੰ 25 ਲਖ ਡਾਲਰ ਦੀ ਅਜੇਹੀ ਸਹਾਇਤਾ ਦਿਤੀ ਸੀ ਜਿਹੜੀ ਕਿ ਪਾਕਿਸਤਾਨ ਦੀ ਧਰਤੀ 'ਤੇ ਪਾਲੇ ਜਾ ਰਹੇ ਅਫਗਾਨ ਉਲਟ ਇਨਕਲਾਬੀਆਂ ਨੂੰ ਦਿਤੀ ਜਾਣੀ ਸੀ। ਇਹ ਗਲ ਵੀ ਹੁਣ ਕੋਈ ਲੁੱਕੀ ਛਿਪੀ ਨਹੀਂ ਕਿ ਅਮਰੀਕਾ ਇਸ ਖੇਤਰ ਵਿਚਲੀਆਂ ਆਪਣੀਆਂ ਸਾਜ਼ਸ਼ਾਂ ਦੀ ਪੂਰਤੀ ਲਈ ਪਾਕਿ ਫੌਜੀ ਪ੍ਰਸ਼ਾਸਨ ਨੂੰ ਪ੍ਰਮਾਣੂ ਹਥਿਆਰ ਪਰੋਗਰਾਮ ਦੇ ਵਿਕਾਸ ਵਿਚ ਵੀ ਸਹਾਈ ਹੋ ਰਿਹਾ ਹੈ।

ਪਾਕਿਸਤਾਨ ਦੇ ਫੌਜੀ ਪ੍ਰਸ਼ਾਸਨ ਵਲੋਂ ਅਮਰੀਕਾ ਤੋਂ ਪ੍ਰਾਪਤ ਕੀਤੇ ਜਾ ਰਹੇ ਇਹ ਹੋਰ ਨਵੀਨ ਹਥਿਆਰ ਭਾਰਤ ਦੇ ਲੋਕਾਂ ਦੀ ਚਿੰਤਾ 'ਚ ਅਵੱਸ਼ ਵਾਧਾ ਕਰਦੇ ਹਨ। ਅਮਰੀਕੀ ਸਾਮਰਾਜ ਪਹਿਲਾਂ ਹੀ ਭਾਰਤ ਨੂੰ ਅਸਥਿਰ ਕਰਨ ਵਾਸਤੇ, ਇਸ ਦੀ ਸੰਸਾਰ ਅਮਨ ਪੱਖੀ ਤੇ ਗੁਟ-ਨਿਰਲੇਪ ਬਦੇਸ਼ੀ ਨੀਤੀ ਨੂੰ ਭੰਨਣ ਲਈ ਇਸ ਨੂੰ ਦੋਖੀ ਰਾਜਾਂ ਨਾਲ ਘੇਰ ਕੇ ਅਸਥਿਰ ਕਰਨ ਵਲ ਵਧਦਾ ਚਲਿਆ ਆ ਰਿਹਾ ਹੈ। ਅਮਰੀਕੀ ਸਾਮਰਾਜ ਇਸ ਮੰਤਵ ਲਈ ਜ਼ੀਆ ਪ੍ਰਸ਼ਾਸਨ ਨੂੰ ਵਧੇਰੇ ਹੀ ਸ਼ਿੱਦਤ ਨਾਲ ਵਰਤ ਰਿਹਾ ਹੈ ਅਤੇ ਜ਼ਿਆ ਪ੍ਰਸ਼ਾਸ਼ਨ ਆਪਣੀ ਹੋਂਦ ਲਈ ਅਮਰੀਕੀ ਸਾਮਰਾਜ ਉਪਰ ਨਿਰਭਰ ਹੋਣ ਕਰਕੇ ਇਕ ਤੋਂ ਬਾਅਦ ਦੂਜੀ ਰਿਆਇਤ ਸਾਮਰਾਜੀਆਂ ਨੂੰ ਦੇ ਕੇ ਨਿਵ ਜ਼ ਰਿਹਾ ਹੈ। ਪਿਸ਼ਾਵਰ ਅਤੇ ਗਵਾਡਰ ਦੇ ਫੌਜੀ ਹਵਾਈ ਅੱਡੇ ਪਹਿਲਾਂ ਹੀ ਅਮਰੀਕੀ ਫੌਜ ਲਈ ਵਰਤਣ ਵਾਸਤੇ ਖੋਲ੍ਹ ਦਿਤੇ ਗਏ ਹੋਏ ਹਨ। ਅਮਰੀਕੀ ਸਾਮਰਾਜੀਆਂ ਦੀ ਸ਼ਹਿ 'ਤੇ ਹੀ ਜ਼ਿਆ ਪ੍ਰਸ਼ਾਸਨ ਖਾਲਿਸਤਾਨੀ ਅੱਤਵਾਦੀਆਂ ਨੂੰ ਪਾਕਿਸਤਾਨ 'ਚ ਪਨਾਹ ਅਤੇ ਸਿਖਲਾਈ ਦੇ ਰਿਹਾ ਹੈ ਅਤੇ ਇਹਨਾਂ ਨੂੰ ਹਿੰਦ-ਪਾਕਿ ਸਰਹੱਦ ਪਾਰ ਕਰਕੇ ਪੰਜਾਬ 'ਚ ਅੱਤਵਾਦੀ ਕਾਰਵਾਈਆਂ ਕਰਨ ਵਿਚ ਹਰ ਪ੍ਰਕਾਰ ਦੀ ਮਦਦ ਦੇ ਰਿਹਾ ਹੈ। ਇਸ ਅਵਸਥਾ 'ਚ ਰੀਗਨ ਪ੍ਰਸ਼ਾਸਨ ਵਲੋਂ ਪਾਕਿ ਦੇ ਫੌਜੀ ਪ੍ਰਸ਼ਾਸਨ ਨੂੰ ਦਿਤੇ ਜਾ ਰਹੇ ਇਹ ਹੋਰ ਹਥਿਆਰ ਭਾਰਤ ਦੀ ਅਜ਼ਾਦੀ, ਸੁਰਖਿਆ ਅਤੇ ਅਖੰਡਤਾ ਲਈ ਹੋਰ ਵੀ ਵਧੇਰੇ ਗੰਭੀਰ ਖਤਰਾ ਪੈਦਾ ਕਰਦੇ ਹਨ। ਪੰਜਾਬ ਅਤੇ ਜੰਮੂ ਤੇ ਕਸ਼ਮੀਰ ਵਿਚਲੀ ਅਸਧਾਰਨ ਸਥਿਤੀ ਦੇ ਹੁੰਦਿਆਂ ਇਸ ਜੰਗੀ ਸਹਾਇਤਾ ਦੀ ਸਖਤ ਨਿਖੇਧੀ ਕੀਤੀ ਜਾਣੀ ਚਾਹੀਦੀ ਹੈ ਅਤੇ ਭਾਰਤ ਦੇ ਸਮੂਹ ਦੇਸ ਭਗਤ ਲੋਕਾਂ ਨੂੰ ਇਸ ਦਾ ਹੋਰ ਵੀ ਗੰਭੀਰ ਨੋਟਿਸ ਲੈਣਾ ਚਾਹੀਦਾ ਹੈ।

ਇਸੇ ਪ੍ਰਸੰਗ ਵਿਚ ਪਾਕਿਸਤਾਨ ਦੇ ਲੋਕਾਂ ਅਤੇ ਜਮਹੂਰੀ ਸ਼ਕਤੀਆਂ ਦੀ ਪਾਕਿ ਫੌਜੀ ਪ੍ਰਸ਼ਾਸਨ ਅਤੇ ਮੁਸਲਮ ਰੂੜ੍ਹੀਵਾਦ ਵਿਰੁਧ ਜਮਹੂਰੀਅਤ ਬਹਾਲੀ ਲਈ ਲੜਾਈ ਵਿਸ਼ੇਸ਼ ਤੇ ਹੋਰ ਵੀ ਜ਼ਿਆਦਾ ਮਹੱਤਤਾ ਅਖਤਿਆਰ ਕਰ ਗਈ ਹੈ। ਇਸੇ ਕਰਕੇ ਪਾਕਿਸਤਾਨ ਦੀ ਪੀਪਲਜ਼ ਪਾਰਟੀ ਦੀ ਕਾਇਮ ਮੁਕਾਮ ਪ੍ਰਧਾਨ ਕੁਮਾਰੀ ਬੇਨਜ਼ੀਰ ਭੁੱਟੋ ਦੇ, ਪਿਛਲੇ ਦਿਨ ਕਰਾਚੀ ਵਿਖੇ ਹੋਏ ਲੋਕਾਂ ਦੇ ਵਿਸ਼ਾਲ, ਜੋਸ਼ੀਲੇ ਤੇ ਠਾਠਾਂ ਮਾਰਦੇ ਇਕੱਠ 'ਚ ਕਹੇ ਇਹ ਸ਼ਬਦ ਸ਼ਲਾਘਾ ਯੋਗ ਹਨ ਕਿ ਜ਼ਿਆ ਜੁੰਡੀ ਵਲੋ ਅਫਗਾਨਿਸਤਾਨ ਤੇ ਭਾਰਤ ਵਿਰੁਧ ਅਪਣਾਈ ਟਕਰਾਅ ਦੀ ਬਦੇਸ਼ ਨੀਤੀ ਪਾਕਿਸਤਾਨ ਦੇ ਕੌਮੀ ਹਿਤਾਂ ਦੇ ਉਲਟ ਹੈ। ਜਮਹੂਰੀਅਤ ਲਈ ਤਾਂਘ ਰਹੇ ਅਤੇ ਪਾਕਿਸਤਾਨ ਦੇ ਅੰਦਰੂਨੀ ਮਾਮਲਿਆਂ ਵਿਚ ਸਾਮਰਾਜੀ ਮੁਦਾਖਲਤ ਦੇ ਖਾਤਮੇ ਦੇ ਇੱਛਕ ਪਾਕਿ ਲੋਕ ਬੇਨਜ਼ੀਰ ਭੁਟੋ ਦੀਆਂ ਰੈਲੀਆਂ 'ਚ ਲੱਖਾਂ ਦੀ ਗਿਣਤੀ 'ਚ ਸ਼ਾਮਲ ਹੋ ਰਹੇ ਹਨ। ਡਿਕਟੇਟਰ ਜ਼ਿਆ ਇਹਨਾਂ ਲੋਕ ਇਕੱਠਾਂ ਨੂੰ ਦੇਖ ਕੇ ਕੰਬਣ ਲਗ ਪਿਆ ਹੋਇਆ ਹੈ, ਬੁਖਲਾਅ ਗਿਆ ਹੈ। ਇਸੇ ਕਰਕੇ ਪਿਛਲੇ ਦਿਨ ਉਸ ਨੇ ਲੰਡਨ ਤੋਂ ਛਪਦੇ ਸੰਡੇ ਟੈਲੀਗਰਾਫ ਅਖਬਾਰ ਨਾਲ ਇਕ ਭੇਂਟ 'ਚ ਧਮਕੀ ਦਿਤੀ ਹੈ ਕਿ ਦੇਸ਼ ਵਿਚ ਫੇਰ ਮਾਰਸ਼ਲ ਲਾਅ ਲਾ ਦਿਤਾ ਜਾਵੇਗਾ, ਆਦਿ।


**WHEATON**

**PONTIAC BUICK GMC LTD.**

ਨਵੀਆਂ ਤੇ ਪੁਰਾਣੀਆਂ ਕਾਰਾਂ, ਸਟੇਸ਼ਨ ਵੈਗਨਾਂ, ਟਰੱਕ, ਵੈਨਾਂ ਅਤੇ 4x4 ਜਿਮੀ ਲੈਣ ਲਈ ਆਪਣੇ ਜਾਣੇ ਪਛਾਣੇ ਸੇਲਜ਼ਮੈਨ ਨੂੰ ਮਿਲੋ

ਕੁਲਦੀਪ ਸਿੰਘ ਝੰਡ ਨੂੰ ਫੂਨ ਕਰੋ ਜਾਂ ਮਿਲੋ

Bus. 526-2781

Res. 524-4137

Pager 687-7711 #7610

325 - 12th St., New Westminster, B.C.



ਕੁਲਦੀਪ ਸਿੰਘ ਝੰਡ

# ਅਫਗਾਨਿਸਤਾਨ : ਇਨਕਲਾਬ ਤੋਂ ਮਗਰੋਂ

ਰਸਾਲਾ 'ਕੌਮਾਂਤਰੀ ਮਾਮਲੇ' ਆਪਣੇ ਚੌਥੇ ਅੰਕ ਵਿਚ ਲਿਖਦਾ ਹੈ ਕਿ 30 ਅਪ੍ਰੈਲ 1978 ਨੂੰ ਅਫਗਾਨਿਸਤਾਨ ਜਨਵਾਦੀ ਗਣਰਾਜ ਦੇ ਐਲਾਨ ਮਗਰੋਂ ਦੇ ਸਮੇਂ ਵਿਚ ਅਫਗਾਨਿਸਤਾਨ ਜਨਵਾਦੀ ਗਣਰਾਜ ਵਲੋਂ ਪਾਰ ਕੀਤੇ ਰਸ਼ਤੇ ਦਾ ਮੁੱਖ ਨਤੀਜਾ ਇਹ ਨਿਕਲਿਆ ਕਿ ਸੋਵੀਅਤ ਯੂਨੀਅਨ ਵਲੋਂ ਪਾਰ ਕੀਤੇ ਰਸਤੇ ਦਾ ਮੁੱਖ ਨਤੀਜਾ ਇਹ ਨਿਕਲਿਆ ਕਿ ਸੋਵੀਅਤ ਯੂਨੀਅਨ ਵਲੋਂ ਕੌਮਾਂਤਰੀ ਸਹਾਇਤਾ ਅਤੇ ਸਹਿਯੋਗ ਪਰਾਪਤ ਕਰਕੇ ਅਫਗਾਨੀ ਇਨਕਲਾਬੀ,ਆਪਣੇ ਦੇਸ ਵਿਚ ਅਪਰੈਲ ਇਨਕਲਾਬ ਦੀਆਂ ਪ੍ਰਾਪਤੀਆਂ-ਸੁਤੰਤਰਤਾ, ਸਨਮਾਨ ਅਤੇ ਰਾਜਕੀ ਖੁਦ-ਮੁਖਤਾਰੀ ਨੂੰ ਕਾਇਮ ਰਖਣ ਦੇ ਕਾਬਲ ਹੋ ਰਹੇ ਹਨ।

ਸਮਾਜਕ ਅਤੇ ਆਰਥਕ ਤਬਦੀਲੀਆਂ, ਜਿਹਨਾਂ ਵਿਚ ਧਰਤੀ ਅਤੇ ਪਾਣੀ ਦੇ ਸੁਧਾਰ ਦਾ ਕੰਮ ਸਭ ਤੋਂ ਉਪਰ ਹੈ, ਨੂੰ ਲਾਗੂ ਕਰਨ ਦਾ ਕੰਮ ਅਫਗਾਨਿਸਤਾਨ ਵਿਚ ਜਾਰੀ ਹੈ 1985 ਦੇ ਅੰਤ ਤਕ, 340 ਹਜ਼ਾਰ ਹੈਕਟੇਅਰ ਜ਼ਮੀਨ 313, 000 ਭੂਮੀਹੀਣ ਜਾ ਬੰਜਰ ਜ਼ਮੀਨ ਵਾਲੇ ਕਿਸਾਨ ਪਰਿਵਾਰਾਂ ਨੂੰ ਮੁਫਤ ਵੰਡੀ ਗਈ। ਰਸਾਲਾ ਲਿਖਦਾ ਹੈ ਕਿ ਜ਼ਮੀਨ ਅਤੇ ਸਿੰਜਣ ਲਈ ਪਾਣੀ ਦੀ ਮੁੜ-ਵੰਡ ਵਾਸਤੇ ਸੈਂਕੜਿਆਂ ਦੀ ਤਾਦਾਦ ਵਿਚ ਕਿਸਾਨ ਜਥੇਬੰਦੀਆਂ ਬਣਾਈਆਂ ਗਈਆਂ ਹਨ।

ਭੂਮੀ ਸੰਬੰਧੀ ਤਬਦੀਲੀਆਂ ਦਾ ਸਭ ਤੋਂ ਮਹੱਤਵਪੂਰਨ ਨਤੀਜਾ ਇਹ ਨਿਕਲਿਆ ਹੈ ਕਿ ਮੁਲਕ ਵਿਚ ਇਕ ਵਰਗ ਦੇ ਤੌਰ ਤੇ ਵੱਡੇ ਜ਼ਿਮੀਦਾਰਾ ਦੀ ਕੋਈ ਹੋਂਦ ਨਹੀਂ ਰਹਿ ਗਈ ਹੈ। ਰਸਾਲਾ ਲਿਖਦਾ ਹੈ ਕਿ ਅਫਗਾਨਿਸਤਾਨ ਦੇ ਪੇਂਡੂ ਇਲਾਕਿਆਂ ਵਿਚ ਖੇਤੀਬਾੜੀ ਦੇ ਗੈਰ-ਪੂੰਜੀਵਾਦੀ ਖੇਤਰ ਸਮਾਪਤ ਕਰਨ ਲਈ ਹਾਲਤਾਂ ਪੈਦਾ ਕੀਤੀਆਂ ਗਈਆਂ।

ਰਸਾਲਾ ਧਿਆਨ ਦੁਆਉਂਦਾ ਹੈ ਕਿ ਰਾਜਨੀਤਕ ਅਤੇ ਆਮ ਜੀਵਨ ਦੇ ਜਮਹੂਰੀਕਰਨ ਦਾ ਅਮਲ ਜ਼ੋਰ ਫੜ ਰਿਹਾ ਹੈ। ਇਸ ਲਈ ਸਥਾਨਕ ਸਰਕਾਰੀ ਸੰਸਥਾਨਾਂ-ਜਿਰਗਾਹ (ਜਥੇਬੰਦੀਆਂ) ਦੀਆਂ ਚੋਣਾਂ ਨੇ ਮਹੱਤਵਪੂਰਨ ਭੂਮਿਕਾ ਨਿਭਾਉਣੀ ਹੈ।

ਅਫਗਾਨਿਸਤਾਨ ਦੇ ਲੋਕਾਂ ਦੀ ਆਰਥਕਤਾ ਅਤੇ ਸਭਿਆਚਾਰ ਦੇ ਵਿਕਾਸ ਵਿਚ ਵਿਸ਼ੇਸ਼ ਸਿੱਟੇ ਪਰਾਪਤ ਕੀਤੇ ਗਏ ਹਨ। ਕੁਲ ਅਤੇ ਪ੍ਰਤੀ ਵਿਅਕਤੀ ਆਮਦਨ ਦੇ ਹਿਸਾਬ ਨਾਲ ਕੌਮੀ ਆਮਦਨ ਇਨਕਲਾਬ ਤੋਂ ਪਹਿਲਾਂ ਦਾ ਪੱਧਰ ਟੱਪ ਚੁੱਕੀ ਹੈ। ਇਕੱਲੇ ਪਿਛਲੇ ਪੰਜਾਂ ਸਾਲਾਂ ਵਿਚ ਕੁਲ ਕੌਮੀ ਉਤਪਾਦਨ ਗਿਆਰਾਂ ਫੀ ਸਦੀ ਵਧਿਆ ਹੈ। ਸਨਅਤ ਆਪਣੇ ਕੰਮ ਨੂੰ ਸੁਧਾਰ ਰਹੀ ਹੈ। ਬਿਜਲੀ ਦਾ ਉਤਪਾਦਨ ਪੰਜਾਂ ਸਾਲਾਂ ਵਿਚ 48 ਫੀ ਸਦੀ ਵੱਧ ਗਿਆ। ਸੀਮਿੰਟ ਦਾ ਉਤਪਾਦਨ ਦਸ ਫੀ ਸਦੀ, ਕੁਦਰਤੀ ਗੈਸ ਦਾ ਉਤਪਾਦਨ ਗਿਆਰਾਂ ਫੀ ਸਦੀ ਵੱਧ ਗਿਆ। ਸਮੁੱਚੇ ਰੂਪ ਵਿਚ ਦੇਸ ਅੰਨ ਦੀ ਪੈਦਾਵਾਰ ਵਿਚ ਆਤਮ-ਨਿਰਭਰ ਹੋ ਗਿਆ ਕਿਸਾਨਾਂ ਨੂੰ ਸਹਾਇਤਾ ਦੇ ਤੌਰ ਤੇ ਸਰਕਾਰ ਨੇ ਸਿੰਜਾਈ ਦੇ ਵਿਕਾਸ ਨਿਰਧਾਰਤ ਰਕਮਾਂ ਵਿਚ 18 ਫੀ ਸਦੀ ਵਾਧਾ ਕੀਤਾ ਹੈ।

ਲਗਭਗ 145,000 ਟਨ ਖਾਦ, 15,000 ਟਨ ਕਣਕ ਦੇ ਸਭ ਤੋਂ ਚੰਗੇ ਕਿਸਮ ਦੇ ਬੀਜ 1985 ਵਿਚ ਰਾਜਕੀ ਆਰਥਕ ਸੰਗਠਨਾਂ, ਕਿਸਾਨ ਜਥੇਬੰਦੀਆਂ ਅਤੇ ਵਿਅਕਤੀਗਤ ਕਾਸ਼ਤਕਾਰਾਂ ਨੂੰ ਵੰਡੇ ਗਏ। ਕਪਾਹ ਅਤੇ ਗੰਨੇ ਦੇ ਚੰਗੇਰੇ ਬੀਜਾਂ ਦੀਆਂ ਲੋੜਾਂ ਪੂਰੀ ਤਰ੍ਹਾਂ ਪੂਰੀਆਂ ਗਈਆਂ।

ਰਸਾਲਾ ਅਖੀਰ ਵਿਚ ਗੱਲ ਮੁਕਾਉਂਦਾ ਹੋਇਆਂ ਲਿਖਦਾ ਹੈ ਕਿਅਫਗਾਨਿਸਤਾਨ ਦੇ ਵਿਦੇਸ਼ ਵਪਾਰ ਦੀ ਗਿਣਤੀ 1985 ਦੇ ਇਨਕਲਾਬ ਤੋਂ ਪਹਿਲਾਂ ਦੇ ਪੱਧਰ ਨਾਲੋਂ ਦੁਗਣੀ ਤੋਂ ਵੱਧ ਹੋ ਕੇ 16 ਅਰਬ ਡਾਲਰ ਦੀ ਕੀਮਤ ਤਕ ਪੁੱਜ ਗਈ। ਰਾਜਕੀ ਕਾਰਖਾਨਿਆਂ ਵਿਚ ਕੰਮ ਕਰਨ ਵਾਲੇ ਮਜ਼ਦੂਰਾਂ ਦਾ ਔਸਤ ਮਿਹਨਤਾਨਾਂ 150 ਫੀ ਸਦੀ ਵਧਿਆ। 12 ਲਖ ਦੇ ਲਗਭਗ ਲੋਕਾਂ ਨੇ ਪੜ੍ਹਨਾ- ਲਿਖਣਾ ਸਿਖ ਲਿਆ।

## ਮਾਰਕਸ ਦਾ ਜਨਮ ਦਿਵਸ ਮਨਾਇਆ

ਅੰਮ੍ਰਿਤਸਰ, 5 ਮਈ (ਲ. ਸ.) —ਅਜ ਇਥੇ ਸੀਟੂ ਵਲੋਂ ਪਰੋਲਤਾਰੀ ਦੇ ਮਹਾਨ ਆਗੂ ਅਤੇ ਮਾਰਕਸਵਾਦ ਦੇ ਬਾਨੀ ਕਾਰਲ ਮਾਰਕਸ ਦਾ ਜਨਮ ਦਿਵਸ ਮਨਾਇਆ ਗਿਆ। ਸਾਥੀ ਜਗਤ ਰਾਮ ਦੱਤ ਨੇ ਝੰਡਾ ਲਹਿਰਾਇਆ। ਸਾਥੀ ਦੱਤ ਤੇ ਜੀਤ ਰਾਮ ਨੇ ਮਾਰਕਸ ਦੀ ਮਿਸਾਲੀ ਇਨਕਲਾਬੀ ਜੀਵਨੀ ਤੇ ਮਾਰਕਸਵਾਦ ਉਪਰ ਰੋਸ਼ਨੀ ਪਾਈ।

## ਥੋਕ ਕੀਮਤਾਂ ਦਾ ਸੂਚਕ ਅੰਕ ਵਧਿਆ

ਨਵੀਂ ਦਿੱਲੀ 5 ਮਈ—ਸਾਲ 1970-71=100 ਨੂੰ ਆਧਾਰ ਮੰਨਦਿਆਂ 'ਸਭ ਵਸਤਾਂ' ਲਈ ਥੋਕ ਕੀਮਤਾਂ ਦਾ ਸੂਚਕ ਅੰਕ 19 ਅਪਰੈਲ ਨੂੰ ਖਤਮ ਹੋਏ ਹਫਤੇ ਦੌਰਾਨ 361.5 (ਆਰਜ਼ੀ) ਹੋ ਗਿਆ ਜਦ ਕਿ ਇਸ ਤੋਂ ਪਹਿਲੇ ਇਹ ਸੂਚਕ ਅੰਕ 360.5 (ਆਰਜ਼ੀ) ਸੀ। ਇਸ ਤਰ੍ਹਾਂ ਦੋਹਾਂ ਹਫਤਿਆਂ ਦੀ ਤੁਲਣਾ ਕਰਦਿਆਂ ਥੋਕ ਕੀਮਤਾਂ ਤੇ ਸਰਕਾਰੀ ਸੂਚਕ ਵਿਚ 0.3 ਫੀਸਦੀ ਦਾ ਵਾਧਾ ਦਰਜ ਕੀਤਾ ਗਿਆ।

**BHANDAL DRYWALL LTD.,**

3397 - KINGSWAY,
VANCOUVER, B.C. V5K 2R9
CANADA
TEL: (604)-430-5011



ਸ. ਜਰਨੈਲ ਸਿੰਘ ਭੰਡਾਲ

# ਕਵਿਤਾ

ਸੁਖਦੇਵ ਪ੍ਰੇਮੀ

ਉਸ ਨਗਰੀ ਉਸ ਦੇਸ਼ 'ਚ ਦੱਸੋ
ਜੀਵਨ ਦਾ ਕੀ ਹੱਜ ਵੇ ਲੋਕੋ ।
ਜਿਸ ਥਾਂ ਲੋਟੂ ਹਾਕਮ, ਨੇਤਾ—
ਛਿੱਕੇ ਟੰਗੀ ਲੱਜ ਵੇ ਲੋਕੋ ।
ਚਿੱਟੇ ਦਿਨ ਵਿਚ ਭਰੇ-ਬਜ਼ਾਰੀਂ,
ਜਿਸ ਥਾਂ ਡਾਕੂ ਡਾਕੇ ਮਾਰਨ ।
ਰੋਕਣ ਵਾਲੇ ਰੋਕਣ ਦੀ ਥਾਂ,
ਥਾਪੀਆਂ ਦੇ ਦੇ ਕੇ ਛਿਛਕਾਰਨ ।
ਚੋਰਾਂ ਦੇ ਸਰਦਾਰ ਨੇ ਜਿਸ ਥਾਂ,
ਮੁਨਸਫ਼, ਕਾਜ਼ੀ, ਜੱਜ ਵੇ ਲੋਕੋ ।
ਚੋਰੀ ਕਰਕੇ ਚੋਰ ਗਿਆ ਦੂਰ—
ਸਿਖਰ ਦੁਪਹਿਰੇ ਭਾਣੀ ਸੀਨ ।
ਪਹਿਰੇਦਾਰ ਖਲੋਕੇ ਦੇਖਣ—
ਭਰੀਆਂ ਹੋਈਆਂ ਤਾਣ ਸੰਗੀਨਾਂ ।
ਜਿਨ੍ਹਾਂ ਦੋਸ਼ੀ ਫੜਾਉਣ, ਲੈ ਕੇ ਰਿਸ਼ਵਤ
ਉਹੀਉ ਲੈਂਦੇ ਕੱਜ ਵੇ ਲੋਕੋ !
ਚੋਰ ਉਚੱਕੇ ਚੌਧਰ ਸਾਂਭੀ—
ਗੁੰਡੀ ਰੰਨ ਪਰਧਾਨ ਬਣੀ ਫਿਰ ।
ਮਾਲ ਪਰਾਇਆ ਵੰਡ ਕੇ ਛਕਣਾ—
ਇਹ ਗਲ ਹੈ ਵਰਦਾਨ ਬਣੀ ਫਿਰ ।
ਚੋਰ-ਦਰੋਗਾ 'ਕੱਠੇ ਫਿਰਦੇ—
ਪਾ ਗਲਵਕੜੀ ਅੱਜ ਵੇ ਲੋਕੋ ।
ਦਿਨ ਦਿਹਾੜੇ ਕਾਤਲ ਜਿਸ ਥਾਂ—
ਕਰਕੇ ਕਤਲ ਨੇ ਲੁਕ ਛਿਪ ਜਾਂਦੇ ।
ਧਰਮ-ਅਸਥਾਨਾਂ ਅੰਦਰ ਵੜਕੇ –
ਰਲ ਮੁਸ਼ਟੰਡੇ ਖਿਲੀ ਪਾਂਦੇ ।
ਦੇਵਤਿਆਂ ਜਿਹੇ ਲੋਕਾਂ ਤਾਂਈਂ—
ਛੱਟਣ ਪਾ ਵਿੱਚ ਛੱਜ ਵੇ ਲੋਕੋ ।
ਜਿਸ ਥਾਂ ਧਰਮ ਦੇ ਪਰਦੇ ਹੇਠਾਂ
ਨਿਤ ਕੁਕਰਮ ਕਰੀ ਜਾਂਦੇ ਨੇ ।
ਨਿਤ ਨਿਰਦੋਸ਼, ਮਸੂਮ ਵਿਚਾਰੇ
ਸਹਿ ਸਹਿ ਜ਼ੁਲਮ ਮਰੀ ਜਾਂਦੇ ਨੇ ।
ਕਿਰਤੀ ਕਾਮਿਆਂ ਦੀ ਮਿਹਨਤ ਦਾ—
ਜਿਸ ਥਾਂ ਕੌਡੀ ਮੁੱਲ ਨਹੀਂ ਪੈਂਦਾ ।
ਕੰਮ ਕਰ ਕਰ ਮਰ ਜਾਂਦੇ ਟੱਬਰ
ਪਰ ਮਿਹਨਤ ਨੂੰ ਫੁੱਲ ਨਹੀਂ ਪੈਂਦਾ ।
ਲਤਨੋਂ ਜਿਨ੍ਹਾਂ ਹਟਾਉਣਾ, ਉਹੀਉ—
ਲੜ ਲੜ ਮੁੱਲਾਂ,ਭਾਈ ਮਰ ਗਏ ।
ਵਿੱਥਾਂ ਤਾਈ ਮਿਟਾਵਣ ਵਾਲੇ—
ਹੋਰ ਚੌੜੀਆਂ ਵਿੱਥਾਂ ਕਰ ਗਏ ।
ਉਹ ਖੁਦ ਲਨੋਂ ਪਾਰ ਗਏ ਹੋ—
ਜਿਨ੍ਹ ਸਿਖਾਉਣੇ ਚੱਜ ਵੇ ਲੋਕੋ ।
ਜਿਸ ਥਾਂ ਬਾਗ ਦਾ ਮਾਲੀ ਆਪੇ—
ਪੌਦੇ ਪੁਟ ਪੁਟ ਸਾੜ ਰਿਹਾ ਹੈ ।
ਜਿਸ ਥਾਂ ਪਰਜਾ ਪ ਲਕ ਖੁਦ ਹੀ—
ਆਪਣੀ ਪਰਜਾ ਮਾਰ ਰਿਹਾ ਹੈ ।
ਪੀ ਪੀ ਰੱਤ ਲੋਕਾਂ ਦੀ, ਜਿਸਦਾ—
ਅਜੇ ਨਾ ਹੋਇਆ ਰੱਜ ਵੇ ਲੋਕੋ ।
ਦੱਸੋ ਉਸ ਨਗਰੀ ਵਿਚ ਲੋਕੋ,
ਕਦ ਤਕ ਬਚਿਆ ਜਾ ਸਕਦਾ ਹੈ ।
ਉਸ ਆਰੇ ਦੇ ਹੇਠਾਂ ਕਲ ਨੂੰ—
ਸਭਨਾਂ ਦਾ ਸਿਰ ਆ ਸਕਦਾ ਹੈ ।
ਜਦ ਤੱਕ ਤੀਜੀ ਅੱਖ ਨਾ ਖੁਲ੍ਹੀ
ਲੋਟੂ ਖਿਲੀ ਪਾਵਣਗੇ ।
ਏਕਾ ਥੋੜਾ ਰੋੜਨ ਖਾਤਰ
ਦਾਅ ਵਖੋ ਵੱਖ ਲਾਵਣਗੇ ।
ਏਕੇ ਦੀ ਇਕ ਲਹਿਰ ਉਸਾਰੋ
ਲੋਟੂ ਜਾਵੇ ਭੱਜ ਵੇ ਲੋਕੋ ।


ਪੰਜਾਬੀ ਮਾਰਕਿਟ ਵਿਚ

**ਮਾਨ ਸ਼ੂਅ ਸਟੋਰ**

ਆਦਮੀਆਂ, ਔਰਤਾਂ, ਅਤੇ ਬੱਚਿਆਂ ਦੇ ਜੋੜੇ,
ਚਮੜੇ ਦੇ ਅਟੈਚੀ, ਪਰਸ ਅਤੇ ਹੋਰ ਸਾਮਾਨ

MENS, LADIES & CHILDRENS'
SHOES AND LEATHER
LUGGAGE & ACCESSORIES

ਮੁਹਿੰਦਰ ਸਿੰਘ ਮਾਨ

Mohinder Singh Mann

321-4353

MANN SHOE STORE

6570 MAIN ST., VANCOUVER, B.C.

# ਜੇ ਅੱਤਵਾਦੀ ਨਾ ਕੱਢੇ ਜਾਂਦੇ ਤਾਂ

ਪਿਛਲੇ ਦਿਨ ਬਾਗੀ ਅਕਾਲੀ ਅਸੰਬਲੀ ਮੈਂਬਰ ਅਤੇ ਕੱਢੇ ਗਏ ਮੰਤਰੀ ਸਾਬਕਾ ਮੁਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਗੁਰਚਰਨ ਸਿੰਘ ਟੌਹੜਾ ਦੀ ਅਗਵਾਈ ਵਿਚ ਸ੍ਰੀ ਹਰਮੰਦਰ ਸਾਹਿਬ ਕੰਪਲੈਕਸ ਪੁਜੇ ਅਤੇ ਉਹਨਾਂ ਨੇ ਮੱਥਾ ਟੇਕਿਆ ਅਤੇ ਪਰਕਰਮਾਂ ਵੀ ਕੀਤੀਆਂ। ਉਹਨਾਂ ਨੇ ਆਪਣਾ ਇਹ ਦੌਰਾ ਪਹਿਲਾਂ ਹੀ ਵਿਉਂਤਿਆ ਹੋਇਆ ਸੀ ਅਤੇ ਆਪਣੇ ਕੁਝ ਹਮਾਇਤੀ ਵੀ ਸੱਦੇ ਹੋਏ ਸਨ। ਇਸ ਮੌਕੇ ਤੇ ਉਹਨਾਂ ਦੇ ਹਮਾਇਤੀਆਂ ਨੇ ਬਰਨਾਲਾ ਤੇ ਬਲਵੰਤ ਸਿੰਘ ਵਿਰੁਧ ਨਾਹਰੇ ਲਾਏ, ਹਰ ਤਰਾਂ ਦੀ ਹੁਲੜਬਾਜ਼ੀ ਕੀਤੀ ਅਤੇ ਖਾਲਿ-ਸਤਾਨ ਦੇ ਨਾਹਰੇ ਵੀ ਲਾਏ। ਪਿਛੋਂ ਪ੍ਰਕਾਸ਼ ਸਿੰਘ ਬਾਦਲ ਤੇ ਹੋਰ ਬਾਗੀ ਆਗੂਆਂ ਨੇ ਪ੍ਰੈਸ ਕਾਨਫਰੰਸ ਕੀਤੀ ਅਤੇ ਬਰਨਾਲਾ ਸਰਕਾਰ ਵਲੋਂ ਹਰਮੰਦਰ ਸਾਹਿਬ ਕੰਪਲੈਕਸ ਅੰਦਰੋਂ ਅੱਤਵਾਦੀ-ਵੱਖਵਾਦੀ ਤੱਤਾਂ ਨੂੰ ਕੱਢਣ ਲਈ ਕੀਤੇ ਗਏ ਐਕਸ਼ਨ ਦੇ ਵਿਰੋਧ ਵਿਚ ਮੁਹਿੰਮ ਚਲਾਉਣ ਦਾ ਫੈਸਲਾ ਕੀਤਾ। ਬਾਗੀ ਅਕਾਲੀ ਆਗੂਆਂ ਨੂੰ ਆਪਣਾ ਕੇਸ ਲੋਕਾਂ ਅਗੇ ਰਖਣ ਦਾ ਪੂਰਾ ਪੂਰਾ ਹੱਕ ਹੈ। ਆਪਣੇ ਇਸ ਪਰੋਗਰਾਮ ਉਤੇ ਭਾਵੇਂ ਇਹ ਕਿੰਨੇ ਵੀ ਪਰਦੇ ਪਏ ਪਾਉਣ ਪਰ ਇਹ ਗਲ ਇਕ ਹਕੀਕਤ ਹੈ ਕਿ ਉਹ ਪੈਦਾ ਹੋ ਗਈ ਨਵੀਂ ਸਥਿਤੀ ਤੋਂ ਸਿਆਸੀ ਲਾਭ ਉਠਾਉਣਾ ਚਾਹੁੰਦੇ ਹਨ, ਅਥਵਾ ਸਿੱਖ ਤਬਕੇ ਦੇ ਜਜ਼ਬੇ ਭੜਕਾਉਣਾ ਚਾਹੁੰਦੇ ਹਨ। ਆਪਣੇ ਇਸ ਨਿਸ਼ਾਨੇ ਵਿਚ ਇਹ ਆਗੂ ਕਿਥੋਂ ਤਕ ਸਫਲ ਹੁੰਦੇ ਹਨ ਇਹ ਗਲ ਤਾਂ ਛੇਤੀ ਹੀ ਲੋਕਾਂ ਸਾਹਮਣੇ ਆ ਜਾਵੇਗੀ ਪਰ ਹਰ ਕੋਈ ਸੁਆਲ ਉਠਾ ਸਕਦਾ ਹੈ ਕਿ ਇਹ ਸਾਰੇ ਆਗੂ ਉਦੋਂ ਕਿਉਂ ਪਰਕਰਮਾਂ ਕਰਨ ਤੇ ਮੱਥਾ ਟੇਕਣ ਨਾ ਗਏ ਜਦੋਂ ਕਿ ਹਰਮੰਦਰ ਸਾਹਿਬ ਕੰਪਲੈਕਸ ਉਤੇ ਇਹਨਾਂ ਤੱਤਾਂ ਦਾ ਕਬਜ਼ਾ ਸੀ।

ਜਿਹੜੀਆਂ ਰੀਪੋਰਟਾਂ ਸਾਡੇ ਕੋਲ ਹਨ ਉਹਨਾਂ ਅਨੁ-ਸਾਰ ਇਹ ਸਾਰੇ ਆਗੂ ਅਨੰਦਪੁਰ ਸਰਬਤ ਖਾਲਸਾ ਸੰਮੇਲਨ ਤੋਂ ਪਿਛੋਂ ਸ੍ਰੀ ਹਰਮੰਦਰ ਸਾਹਿਬ ਕੰਪਲੈਕਸ ਅੰਦਰ ਨਹੀਂ ਗਈ ਜਾਂ ਜਾਣ ਦੀ ਜੁਰਅੱਤ ਨਹੀਂ ਕਰ ਸਕੇ।

ਜੇ ਮੁਖ ਮੰਤਰੀ ਬਰਨਾਲਾ ਦੇ ਹੁਕਮਾਂ ਤਹਿਤ ਪੁਲਸ ਨੇ ਇਹਨਾਂ ਅੱਤਵਾਦੀ-ਵੱਖਵਾਦੀ ਦੇਸ਼ ਧ੍ਰੋਹੀ ਅਨਸਰਾਂ ਨੂੰ ਹਰਮੰਦਰ ਸਾਹਿਬ ਕੰਪਲੈਕਸ ਅੰਦਰੋਂ ਖਦੇੜਿਆ ਨਾ ਹੁੰਦਾ ਅਤੇ ਏਥੇ ਸ਼ਾਂਤੀ ਦਾ ਵਾਤਾਵਰਨ ਪੈਦਾ ਨਾ ਹੋਇਆ ਹੁੰਦਾ ਤਾਂ ਇਹ ਸਾਰੇ ਆਗੂ ਸ੍ਰੀ ਹਰਮੰਦਰ ਦੀਆਂ ਪਰਕਰਮਾਂ ਕਰਨਾ ਤਾਂ ਇਕ ਪਾਸੇ ਰਿਹਾ ਹਰਮੰਦਰ ਸਾਹਿਬ ਕੰਪਲੈਕਸ ਅੰਦਰ ਦਾਖਲ ਹੋਣ ਦੀ ਜੁਰਅੱਤ ਵੀ ਨਾ ਕਰ ਸਕਦੇ। ਇਸ ਲਈ ਇਹਨਾਂ ਬਾਗੀ ਆਗੂਆਂ ਨੂੰ ਸ਼ਿਰੀ ਸੁਰਜੀਤ ਸਿੰਘ ਬਰਨਾਲਾ ਦਾ ਧੰਨਵਾਦੀ ਹੋਣਾ ਚਾਹੀਦਾ।

ਇਹ ਬਾਗੀ ਅਕਾਲੀ ਆਗੂ ਜਾਂ ਹੋਰ ਕੁਝ ਅਕਾਲੀ ਨੇਤਾ ਪੁਲਸ ਐਕਸ਼ਨ ਤੋਂ ਪਹਿਲਾਂ ਸ੍ਰੀ ਹਰਮੰਦਰ ਸਾਹਿਬ ਕੰਪ-ਲੈਕਸ ਅੰਦਰ ਕਿਉਂ ਨਹੀਂ ਸਨ ਦਾਖਲ ਹੁੰਦੇ ? ਇਸ ਕਰਕੇ ਕਿ ਇਹ ਅੱਤਵਾਦੀਆਂ ਦੀ ਹਿਟਲਿਸਟ ਤੇ ਸਨ।

ਪਰ ਹੁਣ ਬਦਲੀ ਹੋਈ ਸਥਿਤੀ ਵਿਚ ਗੁਰਚਰਨ ਸਿੰਘ ਟੌਹੜਾ ਅਤੇ ਪ੍ਰਕਾਸ਼ ਸਿੰਘ ਬਾਦਲ ਦੇ ਪੁਲਸ ਦਾਖਲੇ ਵਿਰੁਧ ਬਿਆਨਾਂ ਦਾ ਸਿੱਖ ਸਟੂਡੈਂਟ ਫੈਡਰੇਸ਼ਨ ਅਤੇ ਦਮਦਮੀ ਟਕਸਾਲ ਨੇ ਸੁਆਗਤ ਕੀਤਾ ਹੈ। ਇਸਦਾ ਏਹੀ ਅਰਥ ਲਿਆ ਜਾ ਸਕਦਾ ਹੈ ਕਿ ਜਿਹੜਾ ਵੀ ਪੈਂਤੜਾ ਬਾਦਲ-ਟੌਹੜਾ ਜੁੰਡਲੀ ਨੇ ਲਿਆ ਹੈ ਉਸ ਨੂੰ ਅੱਤਵਾਦੀ-ਵੱਖਵਾਦੀ ਤੱਤ ਆਪਣੇ ਲਈ ਸਹਾਇਕ ਸਮਝਦੇ ਹਨ।

ਬਾਦਲ ਅਤੇ ਟੌਹੜਾ ਭਾਵੇਂ ਕਿੰਨੇ ਵੀ ਦਮਗਜੇ ਪਏ ਮਾਰਨ ਉਹ ਅੱਤਵਾਦੀ-ਵੱਖਵਾਦੀ ਤੱਤਾਂ ਦੇ ਪਲੇਟ ਫਾਰਮ ਤੇ ਖਲੋਕੇ ਆਪਣੇ ਆਪ ਨੂੰ ਸਥਾਪਤ ਨਹੀਂ ਕਰ ਪਾਉਣਗੇ। ਅੱਤਵਾਦੀ-ਵੱਖਵਾਦੀ ਤੱਤ ਜਿਵੇਂ ਬੇਗੁਨਾਹ ਲੋਕਾਂ ਨੂੰ ਕਤਲ ਕਰ ਰਹੇ ਹਨ, ਜਿਵੇਂ ਧਮਕੀਆਂ ਦੇ ਕੇ ਪੈਸੇ ਬਟੋਰ ਰਹੇ ਹਨ ਉਸ ਕਾਰਨ ਇਹਨਾਂ ਵਿਰੁਧ ਵੱਡੀ ਪੱਧਰ ਤੇ ਨਫਰਤ ਪਾਈ ਜਾ ਰਹੀ ਹੈ। ਜੋ ਕੁਝ ਇਹ ਤੱਤ ਪਿਛਲੇ ਸਮੇਂ ਤੋਂ ਸ੍ਰੀ ਹਰਮੰਦਰ ਸਾਹਿਬ ਕੰਪਲੈਕਸ ਅੰਦਰ ਕਰਦੇ ਚਲੇ ਆ ਰਹੇ ਸਨ ਉਸਨੂੰ ਆਮ ਸਿੱਖ ਜਨਤਾ ਪਸੰਦ ਨਹੀਂ ਸੀ ਕਰਦੀ। ਇਸ ਗਲ ਦੀ ਪੁਸ਼ਟੀ ਸ੍ਰੀ ਹਰਮੰਦਰ ਸਾਹਿਬ ਅੰਦਰ ਸਿੱਖ ਯਾਤਰੂਆਂ ਦੀ ਗਿਣਤੀ ਘਟਣ ਤੋਂ ਵੀ ਹੁੰਦੀ ਸੀ।

ਜਿੰਨਾ ਅੱਤਵਾਦੀ-ਵੱਖਵਾਦੀ ਤੱਤਾਂ ਨੂੰ ਸ੍ਰੀ ਹਰਮੰਦਰ ਸਾਹਿਬ ਕੰਪਲੈਕਸ ਵਿਚੋਂ ਕਢਣ ਲਈ ਪੁਲਸ ਕਾਰਵਾਈ ਦਾ ਇਹ ਬਾਗੀ ਅਕਾਲੀ ਆਗੂ ਵਿਰੋਧ ਕਰ ਰਹੇ ਹਨ ਉਹਨਾਂ ਤੱਤਾਂ ਨੇ ਇਸ ਧਾਰਮਕ ਅਸਥਾਨ ਤੋਂ ਨਾ ਕੇਵਲ ਖਾਲਿਸਤਾਨ ਲਈ ਜੰਗ ਕਰਨ ਦਾ ਹੀ ਐਲਾਨ ਕੀਤਾ ਸਗੋਂ ਉਹ ਇਕ ਖਾਸ ਨਿਸ਼ਾਨੇ ਤਹਿਤ ਬੇਗੁਨਾਹ ਲੋਕਾਂ ਨੂੰ ਕਤਲ ਕਰ ਰਹੇ ਹਨ। ਉਹਨਾਂ ਦਾ ਨਿਸ਼ਾਨਾ ਇਹ ਹੈ ਕਿ ਪੰਜਾਬ ਅੰਦਰ ਇਕ ਫਿਰਕੇ ਦੇ ਲੋਕਾਂ ਨੂੰ ਕਤਲ ਕਰਨ ਦੀ ਮੁਹਿੰਮ ਹੋਰ ਤੇਜ਼ ਕੀਤੀ ਜਾਵੇ ਤਾਂ ਜੋ ਇਸ ਦਾ ਬਾਹਰਲੇ ਰਾਜਾਂ ਵਿਚ ਪ੍ਰਤੀਕਰਮ ਹੋਵੇ। ਦੇਸ ਅੰਦਰ ਫਿਰਕੂ ਦੰਗੇ ਕਰਾਉਣ ਦੀ ਇਹ ਇਕ ਬੜੀ ਹੀ ਖਤਰਨਾਕ ਸਾਜ਼ਿਸ਼ ਹੈ।

ਸ਼ਿਰੀ ਬਾਦਲ, ਸ਼ਿਰੀ ਟੌਹੜਾ 'ਤੇ ਇਹਨਾਂ ਦੇ ਹੋਰ ਸਾਥੀ ਇਸ ਸੁਆਲ ਨੂੰ ਤਾਂ ਬੜੇ ਜ਼ੋਰ ਸ਼ੋਰ ਨਾਲ ਉਠਾ ਰਹੇ ਹਨ ਕਿ ਅੱਤਵਾਦੀ-ਵੱਖਵਾਦੀ ਤੱਤਾਂ ਨੂੰ ਸ੍ਰੀ ਹਰਮੰਦਰ ਸਾਹਿਬ ਕੰਪ-ਲੈਕਸ ਵਿਚੋਂ ਕੱਢਣ ਨਾਲ ਪਵਿਤਰਤਾ ਭੰਗ ਹੋਈ ਹੈ ਪਰ ਉਹ ਅੱਤਵਾਦੀ-ਵੱਖਵਾਦੀ ਤੱਤਾਂ ਵਲੋਂ ਕੀਤੀਆਂ ਜਾ ਰਹੀਆਂ ਕਾਰ-ਵਾਈਆਂ, ਬੇਗੁਨਾਹਾਂ ਦੇ ਹੋ ਰਹੇ ਕਤਲਾਂ ਬਾਰੇ ਬਿਲਕੁਲ ਹੀ ਚੁੱਪ ਹਨ।

ਕੀ ਸ਼ਿਰੀ ਗੁਰਚਰਨ ਸਿੰਘ ਟੌਹੜਾ ਇਸ ਗੱਲ ਦਾ ਕੋਈ ਉੱਤਰ ਦੇਣਗੇ ਕਿ ਇਹਨਾਂ ਤੱਤਾਂ ਨੇ ਛੱਬੀ ਜਨਵਰੀ ਨੂੰ ਜਮਹੂਰੀ ਢੰਗ ਨਾਲ ਚੁਣੀ ਹੋਈ ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਭੰਗ ਕਰਨ ਤੇ ਫੇਰ ਪਿਛੋਂ ਹਰਮੰਦਰ ਸਾਹਿਬ ਕੰਪਲੈਕਸ ਦਾ ਪ੍ਰਬੰਧ ਚਲਾਉਣ ਲਈ ਇਕ ਨਵੀਂ ਕਮੇਟੀ ਬਨਾਉਣ ਦਾ ਜਿਹੜਾ ਕਦਮ ਚੁਕਿਆਂ ਸੀ ਉਹ ਕੀ ਸਿੱਖਾਂ ਦੇ ਉੱਚੇ ਪ੍ਰਤੀਨਿਧ (ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਪਰਧਾਨ) ਦੀ ਤੌਹਾਨ ਨਹੀਂ ਸੀ।

ਦਰਅਸਲ ਅੱਤਵਾਦੀ-ਵੱਖਵਾਦੀ ਤੱਤਾਂ ਦੇ ਕਬਜ਼ੇ ਵਿਚੋਂ ਸ੍ਰੀ ਹਰਮੰਦਰ ਸਾਹਿਬ ਕੰਪਲੈਕਸ ਨੂੰ ਆਜ਼ਾਦ ਕਰਾਉਣ ਲਈ ਲੋੜੀਂਦੇ ਕਦਮ ਸ਼ਿਰੀ ਗੁਰਚਰਨ ਸਿੰਘ ਟੌਹੜਾ ਨੂੰ ਚੁਕਣੇ ਚਾਹੀਦੇ ਸਨ, ਪਰ ਉਹ ਆਪਣੀ ਜ਼ੁਮੇਵਾਰੀ ਤੋਂ ਭੱਜ ਨਿਕਲੇ। ਇਸ ਤੋਂ ਪਿਛੋਂ ਜਿਹੜਾ ਸਰਬਤ ਖਾਲਸਾ ਸੰਮੇਲਨ ਅਨੰਦਪੁਰ ਸਾਹਿਬ ਵਿਖੇ ਬੁਲਾਇਆ ਗਿਆ ਉਹ ਸ਼ਿਰੀ ਗੁਰਚਰਨ ਸਿੰਘ ਟੌਹੜਾ ਅਤੇ ਬਾਦਲ ਆਦਿ ਦੀ ਸਲਾਹ ਨਾਲ ਹੀ ਸਦਿਆ ਗਿਆ ਸੀ। ਅਤੇ ਉਸ ਸਰਬਤ ਖਾਲਸਾ ਸੰਮੇਲਨ ਦੇ ਫੈਸਲਿਆਂ ਦੀ ਸੇਧ ਵਿਚ ਹੀ ਅਕਾਲੀ ਦਲ ਦੇ ਪਰਧਾਨ ਅਤੇ ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਨੇ ਲੋੜੀਂਦੇ ਕਦਮ ਚੁਕੇ। ਅਤੇ ਇਹ ਕਦਮ ਚੁਕਣ ਦਾ ਫੈਸਲਾ ਵੀ ਉਸ ਸਮੇਂ ਕੀਤਾ ਗਿਆ ਜਦੋਂ ਕਿ ਅੱਤਵਾਦੀ-ਵੱਖਵਾਦੀ ਤੱਤਾਂ ਨੇ ਸ੍ਰੀ ਹਰਮੰਦਰ ਸਾਹਿਬ ਕੰਪ-ਲੈਕਸ ਅੰਦਰੋਂ ਖਾਲਿਸਤਾਨ ਲਈ ਜੰਗ ਕਰਨ ਦਾ ਐਲਾਨ ਕੀਤਾ ਜਿਸ ਕਾਰਨ ਸਾਰੇ ਦੇਸ ਅੰਦਰ ਜ਼ੋਰਦਾਰ ਰੋਸ ਆਵਾਜ਼ ਉੱਚੀ ਹੋਈ ਅਤੇ ਪੰਜਾਬ ਸਰਕਾਰ ਨੂੰ ਲੋੜੀਂਦੇ ਕਦਮ ਚੁਕਣ ਲਈ ਕਿਹਾ ਗਿਆ। ਕੀ ਪੰਜਾਬ ਸਰਕਾਰ ਸ੍ਰੀ ਹਰਮੰਦਰ ਸਾਹਿਬ ਕੰਪਲੈਕਸ ਅੰਦਰ ਅੱਤਵਾਦੀਆਂ ਨੂੰ ਖੁਲ੍ਹ ਖੇਡਣ ਦਿੰਦੀ ਅਤੇ ਕੁਝ ਨਾ ਆਖਦੀ ? ਬਾਦਲ ਅਤੇ ਟੌਹੜਾ ਜੋ ਕੁਝ ਇਸ ਸਮੇਂ ਕਹਿ ਰਹੇ ਹਨ ਉਸ ਤੋਂ ਤਾਂ ਏਹੀ ਪ੍ਰਗਟ ਹੁੰਦਾ ਹੈ।

ਗੱਲ ਬੜੀ ਸਪੱਸ਼ਟ ਹੈ ਕਿ ਸਾਬਕਾ ਮੁਖ ਮੰਤਰੀ ਅਤੇ ਉਹਨਾਂ ਦੇ ਹੋਰ ਬਾਗੀ ਸਾਥੀ ਗੱਦੀ ਲਈ ਜਿਹੜਾ ਯੁੱਧ ਲੜ ਰਹੇ ਹਨ ਉਸਦੇ ਸਬੰਧ ਵਿਚ ਉਹ ਏਨਾ ਬੁਖਲਾ ਗਏ ਹਨ ਕਿ

# ਵੱਖਵਾਦ-ਦਹਿਸ਼ਤਵਾਦ ਸਮੁਚੇ ਪੰਜਾਬੀਆਂ ਨੂੰ ਵੰਗਾਰ

*—ਮੋਹਨ ਸਿੰਘ ਜੰਡਿਆਲਾ*

ਪੰਜਾਬ ਵਿਚ ਉਭਰਿਆ ਵੱਖਵਾਦ ਦਹਿਸ਼ਤਵਾਦ ਸਮੁਚੇ ਦੇਸ਼ ਨੂੰ ਇਕ ਵੰਗਾਰ ਹੈ। ਪਰ ਏਥੇ ਅਸੀਂ ਇਸ ਪੰਜਾਬ ਅਤੇ ਪੰਜਾਬੀਆਂ ਲਈ ਅਤੀ ਭੈੜੇ ਤੇ ਦੁਖ-ਦਾਇਕ ਪ੍ਰਭਾਵਾਂ ਨੂੰ ਲੈ ਰਹੇ ਹਾਂ।

ਪੰਜਾਬ ਦੂਸਰੇ ਰਾਜਾਂ ਦੇ ਮੁਕਾਬਲੇ ਵਧੇਰੇ ਉਨਤੀ ਕਰ ਰਿਹਾ ਸੀ। ਇਸ ਦੀ ਖੇਤੀਬਾੜੀ ਨੇ ਦੇਸ਼ ਨੂੰ ਅਨਾਜ ਦੀਆਂ ਲੋੜਾਂ ਵਲੋਂ ਸਵੈ-ਨਿਰਭਰ ਬਣਾ ਦਿਤਾ। ਦੇਸ਼ ਦੇ ਅਨਾਜ ਦੇ ਭੰਡਾਰਾਂ ਵਿਚ ਪੰਜਾਬ ਹਰ ਸਾਲ 60-65 ਪ੍ਰਤੀਸ਼ਤ ਹਿਸਾ ਪਾਉਣ ਲਗ ਪਿਆ। ਪੰਜਾਬ ਵਿਚ ਛੋਟੀ ਤੇ ਦਰਮਿਆਨੀ ਸਨਅਤ ਨੇ ਵੀ ਕਾਫੀ ਉਨਤੀ ਕੀਤੀ। ਪੰਜਾਬ ਦੀ ਮੰਗ ਹੈ ਕਿ ਏਥੇ ਵੱਡੀਆਂ ਸਨਅਤਾਂ ਵੀ ਲਾਈਆਂ ਜਾਣ ਅਤੇ ਏਥੋਂ ਦੀਆਂ ਸਨਅਤਾਂ ਨੂੰ ਕਚੇ ਮਾਲ ਦੀ ਸਪਲਾਈ ਅਤੇ ਇਹਨਾਂ ਦੀਆਂ ਉਪਜਾਂ ਲਈ ਯੋਗ ਮੰਡੀ ਦਾ ਠੋਸ ਪ੍ਰਬੰਧ ਕੀਤਾ ਜਾਵੇ। ਪੰਜਾਬ ਆਪਣੀ ਉਨਤੀ ਨੂੰ ਹੋਰ ਅਗੇ ਖੜਣ ਅਤੇ ਆਪਣੀ ਆਰਥਕਤਾ ਨੂੰ ਸੰਕਟ ਰਹਿਤ ਕਰਨ ਲਈ ਹਰ ਸੰਭਵ ਯਤਨ ਕਰਨ ਵਲ ਤੁਰਨਾ ਚਾਹੁੰਦਾ ਸੀ।

ਪਰ ਪਿਛਲੇ ਚਾਰ-ਪੰਜ ਸਾਲਾਂ ਤੋਂ ਪੰਜਾਬ ਵਿਚ ਉਭਾਰੀ ਗਈ ਫਿਰਕਾ-ਪ੍ਰਸਤੀ ਅਤੇ ਇਸ ਵਿਚੋਂ ਅਗੇ ਉਭਰੇ ਵੱਖਵਾਦ ਅਤੇ ਦਹਿਸ਼ਤਵਾਦ ਨੇ ਪੰਜਾਬ ਨੂੰ ਡੂੰਘੇ ਸੰਕਟ ਦੀ ਮਾਰ ਹੇਠ ਲੈ ਆਂਦਾ ਹੈ। 1985 ਦੀਆਂ ਵਿਧਾਨ ਸਭਾ ਦੀਆਂ ਚੋਣਾਂ ਪੰਜਾਬ ਦੀ ਵਿਗੜੀ ਹੋਈ ਗੰਭੀਰ ਸਥਿਤੀ ਵਿਚ ਹੋਈਆਂ। ਉਭਰੀ ਹੋਈ ਫਿਰਕਾ ਪ੍ਰਸਤੀ ਅਤੇ ਡੂੰਘੀ ਹੋ ਚੁਕੀ ਫਿਰਕੂ ਵੰਡ ਕਾਰਨ, ਅਕਾਲੀ ਦਲ ਭਾਰੀ ਬਹੁ-ਮਤ ਹਾਸਲ ਕਰਕੇ, ਰਾਜ-ਸਰਕਾਰ ਬਣਾਉਣ ਵਿਚ ਸਫਲ ਹੋ ਗਿਆ। ਰਾਜੀਵ-ਲੌਂਗੋਵਾਲ ਸਮਝੌਤੇ ਦੇ ਅਸਰ ਅਤੇ ਸਿਟੇ ਵਜੋਂ ਅਕਾਲੀ ਦਲ ਨੂੰ ਇਹ ਜਿੱਤ ਪ੍ਰਾਪਤ ਹੋਈ।

ਪੰਜਾਬੀਆਂ ਨੂੰ ਆਸ ਬੱਝੀ ਕਿ ਹੁਣ ਜਦੋਂ ਸਿੱਖਾਂ ਦੀ ਭਾਰੀ ਬਹੁ ਗਿਣਤੀ ਨੇ ਰਾਜੀਵ-ਲੌਂਗੋਵਾਲ ਸਮਝੌਤੇ ਦੇ ਹੱਕ ਵਿਚ ਫਤਵਾ ਦਿਤਾ ਹੈ ਅਤੇ ਇਸ ਦੇ ਅਰਥ ਹਨ ਕਿ ਅਕਾਲੀ ਦਲ ਅਤੇ ਉਸਦੇ ਪੈਰੋਕਾਰ ਦੇਸ਼ ਦੀ ਏਕਤਾ ਤੇ ਅਖੰਡਤਾ ਦੀ ਰਾਖੀ ਲਈ ਪੂਰੀ ਤਰਾਂ ਬਚਨਬੱਧ ਹੋ ਗਏ ਹਨ ਤਾਂ ਵੱਖਵਾਦੀ-ਦਹਿਸ਼ਤਵਾਦੀ ਅਨਸਰ ਲੋਕਾਂ ਵਿਚੋਂ ਨਖੇੜ ਦਿਤੇ ਜਾਣਗੇ ਅਤੇ ਪੰਜਾਬ ਵਿਚ ਮੁੜ ਫਿਰਕੂ ਸਦਭਾਵਨਾ ਅਤੇ ਅਮਨ ਸਥਾਪਤ ਹੋ ਜਾਵੇਗਾ। ਪਰ ਲੋਕਾਂ ਦੀ ਇਹ ਆਸ ਪੂਰੀ ਨਾ ਹੋਈ। ਅਕਾਲੀ ਦਲ ਤੇ ਉਸਦੀ ਸਰਕਾਰ ਨੇ ਵੱਖਵਾਦੀ-ਦਹਿਸ਼ਤਵਾਦੀ ਅਨਸਰਾਂ ਵਲ ਲਿਹਾਜ਼ ਅਤੇ ਵਰਤਾਉ ਰਵਈਆ ਧਾਰਨ ਕੀਤਾ। ਹਿੰਦੂ ਫਿਰਕਾਪ੍ਰਸਤਾਂ ਨੇ ਵੀ ਫਿਰਕੂ ਵੰਡ ਡੂੰਘੀ ਕਰਨ 'ਚ ਹਿਸਾ ਪਾਇਆ। ਇਹਨਾਂ ਅਨਸਰਾਂ, ਜਿਨਾਂ ਦੇ ਪਿਛੇ ਦੇਸ਼-ਦੁਸ਼ਮਣ ਸਾਮਰਾਜੀ ਅਤੇ ਸਾਮਰਾਜੀਆਂ ਦੀਆਂ ਹਥ-ਠੋਕੂ ਤਾਕਤਾਂ ਹਨ, ਦੀ ਹੋਰ ਚੜ ਮਚੀ। ਇਹ ਅਨਸਰ ਹੋਰ ਦਲੇਰ ਹੋ ਗਏ ਅਤੇ ਇਹਨਾਂ ਨੇ ਦਰਬਾਰ ਸਾਹਿਬ ਕੰਪਲੈਕਸ ਅਤੇ ਹੋਰ ਧਾਰਮਿਕ ਅਸਥਾਨਾਂ ਉਤੇ ਕਬਜ਼ੇ ਕਰਕੇ ਇਹਨਾਂ ਨੂੰ ਆਪਣੀਆਂ ਘਿਣਾਉਣੀਆਂ ਸਰਗਰਮੀਆਂ ਅਤੇ ਸਾਜ਼ਸ਼ਾਂ ਦੇ ਅੱਡੇ ਬਣਾ ਲਿਆ। ਸਿੱਖਾਂ ਵਲੋਂ ਬੇਹੱਦ ਕੁਰ-ਬਾਨੀਆਂ ਦੇ ਕੇ ਹਾਸਲ ਕੀਤੇ ਕਾਨੂੰਨੀ ਅਧਿਕਾਰਾਂ ਰਾਹੀਂ ਇਤਹਾਸਕ ਗੁਰਦਵਾ-ਰਿਆਂ ਦਾ ਪ੍ਰਬੰਧ ਜਮਹੂਰੀ-ਢੰਗ ਨਾਲ ਚੁਣੀ ਹੋਈ ਸ਼੍ਰੋ: ਗੁ: ਪ੍ਰ: ਕਮੇਟੀ ਰਾਹੀਂ ਕਰਨ ਦੀਆਂ ਵੀ ਧੱਜੀਆਂ ਉਡਾ ਦਿਤੀਆਂ ਸ਼੍ਰੋ: ਗੁ: ਪ੍ਰ: ਕਮੇਟੀ ਨੂੰ ਗੁਰਦਵਾਰਿਆਂ 'ਚੋਂ ਕੱਢ ਬਾਹਰ ਕੀਤਾ ਅਤੇ ਸਫ਼ਰ ਸਵਾਰ ਕਰ ਦਿਤਾ। ਗੁਰਦਵਾਰਿਆਂ ਉਤੇ ਕਬਜ਼ੇ ਕਰਕੇ ਇਹਨਾਂ ਧਾਰਮਿਕ ਅਸਥਾਨਾਂ ਨੂੰ ਹਰ ਤਰਾਂ ਦੇ ਸਮਾਜ-ਵਿਰੋਧੀ, ਸਦਾ-ਚਾਰਿਕ ਗਿਰਾਵਟਾਂ ਅਤੇ ਕਤਲਾਂ, ਖੋਹਾਂ, ਡਾਕਿਆਂ ਦੀਆਂ ਸਰਗਰਮੀਆਂ ਲਈ ਵਰਤਣਾ ਅਰੰਭ ਦਿਤਾ। ਇਸ ਨਿਘਾਰ ਦੀ ਸਿਖਰ ਉਸ ਦਿਨ ਸਾਹਮਣੇ ਆਈ ਜਦੋਂ ਧਾਰਮਿਕ ਮੁਆਮਲਿਆਂ ਦੀ ਅਗ-ਵਾਈ ਕਰਨ ਵਾਲੇ ਜਥੇਦਾਰਾਂ ਨੂੰ ਵੀ ਅਕਾਲ-ਤਖਤ ਤੋਂ ਕਢਕੇ ਉਹਨਾਂ ਦੀ ਥਾਂ ਤੇ ਇਕ 'ਪੰਜ ਮੈਂਬਰੀ ਕਮੇਟੀ' ਸਥਾਪਤ ਕਰ ਦਿਤੀ। ਜਿਸ ਨੇ ਨਾਮ-ਨਿਹਾਦ 'ਖਾਲਿ-ਸਤਾਨ' ਦਾ ਐਲਾਨ ਹਰਮੰਦਰ ਸਾਹਿਬ ਕੰਪਲੈਕਸ ਵਿਚੋਂ ਕਰ ਦਿਤਾ। ਗਲ ਕੀ ਇਹਨਾਂ ਅਨਸਰਾਂ ਨੇ ਖੁਲ੍ਹਕੇ ਦੇਸ਼ ਦੀ ਏਕਤਾ ਦੀ ਅਖੰਡਤਾ ਨੂੰ ਭੰਗ ਕਰਨ ਅਤੇ ਦੇਸ਼-ਦੁਸ਼ਮਣ ਤਾਕਤਾਂ ਦੀ ਸਾਜ਼ਸ਼ ਨੂੰ ਅਗੇ ਵਧਾਉਣ ਦਾ ਦੇਸ਼-ਧ੍ਰੋਹੀ ਰੋਲ ਅਦਾ ਕੀਤਾ।

ਇਹਨਾਂ ਦਾ ਇਹ ਐਲਾਨ ਸਮੁਚੇ ਦੇਸ਼ ਲਈ ਖਾਸ ਕਰਕੇ ਸਮੁਚੇ ਪੰਜਾਬੀਆਂ ਲਈ ਇਕ ਗੰਭੀਰ ਵੰਗਾਰ ਹੈ। ਦੇਸ਼ ਦੀਆਂ ਸਾਰੀਆਂ ਜਮਹੂਰੀ, ਸੈਕੂਲਰ ਤੇ ਦੇਸ਼-ਭਗਤ ਸ਼ਕਤੀਆਂ ਵਲੋਂ ਇਸ ਵੰਗਾਰ ਦਾ ਇਕ-ਮੁਠ ਹੋ ਕੇ ਟਾਕਰਾ ਕਰਨ ਦਾ ਫੈਸਲਾ ਲਿਆ ਗਿਆ। ਇਸ ਸਥਿਤੀ ਵਿਚ ਦੇਸ਼ ਦੀ ਏਕਤਾ ਤੇ ਅਖੰਡਤਾ ਦੀ ਰਾਖੀ ਦੀ ਵੱਡੀ ਜ਼ੁਮੇਂਵਾਰੀ ਕੇਂਦਰੀ ਸਰ-ਕਾਰ ਅਤੇ ਪੰਜਾਬ ਦੀ ਅਕਾਲੀ ਦਲ ਦੀ ਬਰਨਾਲਾ ਸਰਕਾਰ ਸਿਰ ਆਉਂਦੀ ਹੈ।


**Westminster Chevrolet - Oldsmobile**

**1983 ਦੇ GM ਦੇ ਗਰੈਂਡ ਸੇਲਜ਼ ਮਾਸਟਰ!**

• ਚੰਗੀ ਕਾਰ • ਵਧੀਆ ਡੀਲ • ਤਜਰਬੇਕਾਰ ਸੇਲਜ਼



ਕਾਰ, ਵੈਨ ਜਾਂ ਟਰੱਕ ਖ੍ਰੀਦਣ ਤੋਂ ਪਹਿਲਾਂ ਆਪਣੇ ਪਿਆਰੇ ਸੇਲਜ਼ਮੈਨ ਕਨਸਲਟੈਂਟ

**ਗੁਰਜੀਤ ਸਿੰਘ ਢੀਂਡਸਾ ਨੂੰ ਮਿਲੋ**

GM

Bus. 521-7731 Pager 687-1985 #5531



**Gurjit (Bawa) Dhindsa** 12th. Street at Queens Ave., New Westminster, B.C.

ਬਰਨਾਲਾ ਸਰਕਾਰ ਨੇ ਮੁਢਲੇ ਕਦਮ ਦੇ ਤੌਰ ਤੇ ਦਰਬਾਰ ਸਾਹਿਬ ਕੰਪਲੈਕਸ ਵਿਚੋਂ ਵੱਖਵਾਦੀ-ਦਹਿਸ਼ਤਵਾਦੀ ਤੱਤਾਂ ਨੂੰ ਬਾਹਰ ਕਢਣ ਦਾ ਫੈਸਲਾ ਕੀਤਾ। ਇਹ ਕਦਮ ਭਾਵੇਂ ਦੇਰ ਨਾਲ ਚੁਕਿਆ ਗਿਆ ਪਰ ਇਸ ਨੂੰ 'ਖਾਲਿਸਤਾਨ' ਦੇ ਐਲਾਨ ਪਿਛੋਂ ਵੀ ਜੇ ਨਾ ਚੁਕਿਆ ਜਾਂਦਾ ਤਾਂ ਬਰਨਾਲਾ ਸਰਕਾਰ ਖੁਦ ਵੱਖਵਾਦੀ-ਦਹਿਸ਼ਤਵਾਦੀ ਤੱਤਾਂ ਦੀਆਂ ਸਰਗਰਮੀਆਂ ਲਈ ਜ਼ੁਮੇਂਵਾਰ ਠਹਿਰਾਈ ਜਾਂਦੀ ਅਤੇ ਉਸ ਲਈ ਰਾਜ-ਗੱਦੀ ਤੇ ਟਿਕੇ ਰਹਿਣ ਦਾ ਕੋਈ ਵੀ ਨੈਤਿਕ ਅਧਾਰ ਨਾ ਰਹਿ ਜਾਂਦਾ। ਇਸ ਲਈ ਜਿਥੇ ਅਕਾਲੀ ਦਲ ਦੇ 'ਅਨੰਦਪੁਰ ਸਰਬਤ ਖਾਲਸਾ' ਵਲੋਂ ਪਾਸ ਕੀਤੇ ਗਏ ਮਤੇ ਨੂੰ ਅਮਲੀ ਜਾਮਾ ਪਹਿਨਾਉਣ ਦੀ ਜ਼ੁਮੇਂਵਾਰੀ ਅਕਾਲੀ ਦਲ ਤੇ ਉਸਦੀ ਸਰਕਾਰ ਉਤੇ ਸੀ (ਭਾਵੇਂ ਇਹ ਜ਼ੁਮੇਂਵਾਰੀ ਤਿੰਨ ਮਹੀਨੇ ਨਾ ਨਿਭ ਹੀ ਸਕੀ) ਉਥੇ ਦੇਸ਼ ਦੇ ਇਸ ਸਰਹੱਦੀ ਸੂਬੇ ਦੀ ਰਾਜ ਸਰਕਾਰ ਹੋਣ ਕਰਕੇ ਵੀ ਉਸਦੀ ਜ਼ੁਮੇਂਵਾਰੀ ਸੀ ਕਿ ਵਖਵਾਦੀ-ਦਹਿਸ਼ਤਵਾਦੀ ਅਨਸਰਾਂ ਵਿਰੁਧ ਫ਼ੁਰੰਤ ਕਾਰਵਾਈ ਕਰੇ ਅਤੇ ਉਹਨਾਂ ਨੂੰ ਧਾਰਮਿਕ ਅਸਥਾਨਾਂ ਦੀ ਦੁਰ-ਵਰਤੋਂ ਕਰਨ ਦੀ ਹੋਰ ਆਗਿਆ ਨਾ ਦੇਵੇ।

ਦਰਬਾਰ ਸਾਹਿਬ ਕੰਪਲੈਕਸਅੰਦਰੋਂ ਵਖਵਾਦੀ-ਦਸ਼ਿਤਵਾਦੀ ਤੱਤਾਂ ਨੂੰ ਕਢਕੇ ਉਥੇ ਮੁੜ ਸ਼੍ਰੋ: ਗੁ: ਪ: ਕਮੇਟੀ ਦੇ ਅਧਿਕਾਰ ਨੂੰ ਕਾਇਮ ਕਰਨ ਲਈ ਵਰਤੀ ਗਈ ਪੁਲਸ ਤੇ ਹੋਰ ਸੁਰੱਖਿਆ ਸ਼ਕਤੀ ਨੂੰ ਲੈਕੇ ਅਕਾਲੀ ਦਲ ਅੰਦਰਲੇ ਮੌਕਾ-ਪ੍ਰਸਤ ਵਿਅਕਤੀਆਂ ਦੀਆਂ ਸਰਗਰਮੀਆਂ ਦਾ ਗੁਰਦਵਾਰਿਆਂ ਦੀ ਪਵਿਤਰਤਾ ਦੀ ਰਾਖੀ ਨਾਲ ਕੋਈ ਵਾਸਤਾ ਨਹੀਂ ਦਿਸਦਾ। ਗੁਰਦਵਾਰਿਆਂ ਦੀ ਖਾਸ ਕਰਕੇ ਦਰਬਾਰ ਸਾਹਿਬ ਕੰਪਲੈਕਸ ਦੀ ਦੁਰ-ਵਰਤੋਂ ਅਤੇ ਇਹਨਾਂ ਦੀ ਪਵਿਤਰਤਾ ਨੂੰ ਭੰਗ ਕਰਨ ਦੀਆਂ ਕਾਰਵਾਈਆਂ ਜੋ ਵਿਖਵਾਦੀ-ਦਹਿਸ਼ਤਵਾਦੀ ਤੱਤਾਂ ਵਲੋਂ ਪਿਛਲੇ ਲੰਮੇ ਸਮੇਂ ਤੋਂ ਕੀਤੀਆਂ ਜਾ ਰਹੀਆਂ ਸਨ, ਵਿਰੁਧ ਇਹਨਾਂ ਭਦਰ-ਪੁਰਸ਼ਾਂ ਨੇ ਕੋਈ ਵੀ ਕਦਮ ਨਾ ਚੁਕਿਆ। ਸਗੋਂ ਇਹਨਾਂ ਅਨਸਰਾਂ ਨੂੰ ਦਰਬਾਰ ਸਾਹਿਬ ਕੰਪਲੈਕਸ ਅਤੇ ਦੂਸਰੇ ਗੁਰਦਵਾਰਿਆਂ ਤੇ ਕਬਜ਼ੇ ਕਰਨ ਵਿਚ ਵਿੰਗੀ-ਟੇਢੀ ਮਦਦ ਹੀ ਦਿਤੀ। ਭਾਵੇਂ ਇਸ ਮਦਦ ਲਈ ਇਹ ਬਹਾਨਾ ਵਰਤਿਆ ਗਿਆ ਕਿ ਉਹ ਖੂਨ-ਖਰਾਬੇ ਨੂੰ ਟਾਲਣਾ ਚਾਹੁੰਦੇ ਹਨ।

## ਹੁਣ ਅਸਲ ਮਸਲਾ ਕੀ ਹੈ ?

ਵੱਖਵਾਦੀ ਦਹਿਸ਼ਤਵਾਦੀ ਤੱਤਾਂ ਵਲੋਂ 'ਅਖੌਤੀ ਖਾਲਿਸਤਾਨ' ਦੇ ਐਲਾਨ ਵਿਚ ਕਿਹਾ ਗਿਆ ਹੈ ਕਿ ਪੰਜਾਬ ਵਿਚੋਂ ਹਿੰਦੂ ਵਸੋਂ ਤਿੰਨ ਮਹੀਨਿਆਂ ਅੰਦਰ ਦੇਸ਼ੋਂ ਚਲੀ ਜਾਵੇ ਅਤੇ ਪੰਜਾਬੋਂ ਬਾਹਰ ਰਹਿ ਰਹੇ ਸਿਖ ਏਸੇ ਸਮੇਂ ਅੰਦਰ ਆਪਣਾ ਪ੍ਰਬੰਧ ਕਰ ਲੈਣ—ਪੰਜਾਬ 'ਚ ਆਪਣਾ ਥਾਂ ਬਣਾ ਲੈਣ। ਆਪਣੇ ਇਸ ਪ੍ਰੋਗਰਾਮ ਨੂੰ ਨੇਪਰੇ ਚਾੜਣ ਲਈ ਇਹਨਾਂ ਤੱਤਾਂ ਨੇ ਕਤਲ—ਗਾਰਤ ਦੀਆਂ ਕਾਰਵਾਈਆਂ ਨੂੰ ਤਿੱਖਾ ਕਰ ਦਿਤਾ ਹੈ। ਪਿਛਲੇ ਕੁਝ ਦਿਨਾਂ ਦੀਆਂ ਗੁਰਦਾਸਪੁਰ-ਖੇਜੋਵਾਲ, ਤਰਨਤਾਰਨ, ਗੋਇੰਦਵਾਲ, ਖਡੂਰ ਸਾਹਿਬ, ਫਤਿਆਬਾਦ ਵਡਾਲੀ ਗੁਰੂ ਅਤੇ ਵਡਾਲਾ ਬਾਂਗਰ ਦੀਆਂ ਘਟਨਾਵਾਂ ਇਸਦਾ ਸੰਕੇਤ ਹਨ। ਇਹਨਾਂ ਤੱਤਾਂ ਦੀਆਂ ਸਰਗਰਮੀਆਂ ਨੇ ਇਕ ਪਾਸੇ ਸਮੁਚੇ ਪੰਜਾਬੀਆਂ ਹਿੰਦੂਆਂ, ਸਿੱਖਾਂ, ਇਸਾਈਆਂ, ਮੁਸਲਮਾਨਾਂ ਤੇ ਹਰੀਜਨਾਂ ਵਿਚ ਅਸੁਰਖਿਆ ਦੀ ਭਾਵਨਾ ਪੈਦਾ ਕਰ ਦਿਤੀ ਹੈ। ਕੋਈ ਵੀ ਆਪਣੇ ਆਪ ਨੂੰ ਸੁਰਖਿਅਤ ਨਹੀਂ ਸਮਝਦਾ। ਦੂਸਰੇ ਪਾਸੇ ਇਹਨਾਂ ਦੀਆਂ ਕਾਲੀਆਂ ਕਰਤੂਤਾਂ ਨੇ ਪੰਜਾਬ ਦੀ ਆਰਥਕਤਾ ਨੂੰ ਤਬਾਹ ਬਰਬਾਦ ਕਰਨ ਵਿਚ ਵਡਾ ਹਿੱਸਾ ਪਾਇਆ ਹੈ।

## ਪੰਜਾਬ ਦੀਆਂ ਸਨਅਤਾਂ ਤੇ ਵਪਾਰ

ਭਾਰੀ ਮੰਦੇ ਦੇ ਸ਼ਿਕਾਰ ਹਨ। ਕੱਚਾ ਮਾਲ ਲੋੜ ਅਨੁਸਾਰ ਸਮੇਂ ਸਿਰ ਮਿਲਦਾ ਨਹੀਂ। ਤਿਆਰ ਮਾਲ ਦੇ ਗਾਹਕ ਨਹੀਂ। ਬਾਹਰ ਦੇ ਰਾਜਾਂ ਤੋਂ ਗਾਹਕ ਪੰਜਾਬ ਆਉਣ ਤੋਂ ਗੁਰੇਜ਼ ਕਰਦੇ ਹਨ। ਉਧਾਰ ਮਿਲਦਾ ਨਹੀਂ। ਘਲੇ ਮਾਲ ਦੀ ਵਸੂਲੀ ਹੁੰਦੀ ਨਹੀਂ। ਜਿਸ ਕਰਕੇ ਡੂੰਘੇ ਸੰਕਟ ਦਾ ਸਾਹਮਣਾ ਹੈ ਮਜ਼ਦੂਰ ਬੇਕਾਰ ਹੋ ਰਹੇ ਹਨ। ਛੋਟੇ ਤੇ ਦਰਮਿਆਨੇ ਕਾਰੋਬਾਰ, ਸਨਅਤਾਂ ਤੇ ਗੁਲਾਮ ਕਰਨ ਵਾਲਿਆਂ ਦਾ ਤਾਂ ਅਤਿ-ਅੰਤ ਹੀ ਮੰਦਾ ਹਾਲ ਹੈ।

ਖੇਤੀਬਾੜੀ 'ਚ ਸੰਕਟ :— ਪੰਜਾਬ ਵਿਚ ਕਣਕ ਦੀ ਫਸਲ ਵੱਢੀ ਜਾ ਚੁਕੀ ਹੈ। ਪਰ ਇਸ ਨੂੰ ਸੰਭਾਲਣ ਲਈ ਖੇਤ ਮਜ਼ਦੂਰਾਂ ਦੀ ਥੁੜ ਹੈ। ਮੁਕਾਮੀ ਲੇਬਰ ਸਮੁਚੀ ਫਸਲ ਨੂੰ ਕਟਕੇ, ਗਾਹਕੇ, ਸੰਭਾਲ ਦੇਣ ਦੇ ਯੋਗ ਨਹੀਂ। ਉਸਦੀ ਨਫਰੀ ਘਟ ਹੈ। ਕਿਸਾਨਾਂ ਨੇ ਮਜ਼ਦੂਰੀ ਵਿਚ ਕਾਫੀ ਵਾਧਾ ਵੀ ਕੀਤਾ ਹੈ ਪਰ ਫੇਰ ਵੀ ਫਸਲ ਸੰਭਾਲੀ ਨਹੀਂ ਜਾ ਰਹੀ। ਬਾਹਰ ਦੀ ਲੇਬਰ ਇਸ ਵਾਰ ਕਾਫੀ ਘਟ ਆਈ ਹੈ। ਖਾਸ ਕਰਕੇ ਸਰਹਦੀ ਜ਼ਿਲਿਆਂ ਤੇ ਇਲਾਕਿਆਂ ਵਿਚ। ਪਿਛਲੇ ਸਾਲ ਤੂੜੀ ਬਹੁਤ ਮਹਿੰਗੀ ਹੋ ਗਈ ਸੀ। 100 ਰੁਪਏ ਪ੍ਰਤੀ ਕਵਿੰਟਲ ਵਿਕ ਗਈ ਸੀ। ਕਿਸਾਨ ਚਾਹੁੰਦੇ ਸਨ ਕਿ ਇਸ ਵਾਰ ਕਣਕ ਵਢਕੇ ਗਾਹਕੇ ਤੂੜੀ ਬਣਾਈ ਜਾਵੇ। ਪਰ ਲੇਬਰ ਦੀ ਥੁੜ ਕਾਰਨ ਇਹ ਸੰਭਵ ਨਹੀਂ। ਕੰਬਾਈਨਾ ਵੀ ਏਨੀਆਂ ਨਹੀਂ ਕਿ ਸਾਰੀ ਫਸਲ ਸਮੇਂ ਸਿਰ ਸੰਭਾਲ ਦੇਣ। ਉਧਰ ਮੌਸਮ ਖਰਾਬ ਹੈ। ਕਿਸਾਨ ਪ੍ਰੇਸ਼ਾਨ ਹਨ : ਮੀਂਹਾਂ ਤੇ ਹਨੇਰੀਆਂ ਕਾਰਨ ਫਸਲ ਡਿਗਕੇ ਖਰਾਬ ਹੋਈ ਹੈ। ਵਧੇਰੇ ਪੱਕ ਜਾਣ ਕਾਰਨ ਦਾਣੇ, ਸਿਟੇ ਕਿਰੇ ਹਨ। ਕਿਸਾਨਾਂ ਨੂੰ ਸਰਕਾਰ ਉਤੇ ਗਿਲਾ ਹੈ ਕਿ ਉਸਨੇ

**KESHO RAM DITTA**
**Barrister & Solicitor**

General Law Practice

**Wills•Estates•Real Estate•Family & Divorce**
**Corporate & Commercial•Debt Collection•Foreclosures**

Telephone: 321-5559

**Ste. 206-5740 Cambie St.**
**Vancouver, B.C. V5Z 3A6**

1.

## ਏ. ਐਨ. ਸੀ. ਕੁਮਾਲੋ (ਦੱਖਣੀ ਅਫ਼ਰੀਕਾ)

### ਲਾਲ ਸਾਡਾ ਰੰਗ

ਆਓ ਉਹ ਕਵਿਤਾਵਾਂ ਲਿਖੀਏ
ਜੋ ਲਹੂ ਰੰਗ ਦੀਆਂ ਹਨ
ਤੇ ਟੱਲੀਆਂ ਵਾਂਗ ਖੜਕਦੀਆਂ ਹਨ !
ਕਵਿਤਾਵਾਂ
ਜੋ ਜ਼ਾਲਮਾਂ ਦੇ ਚਿਹਰੇ ਨੋਚਣ
ਤੇ ਉਨ੍ਹਾਂ ਦੀ ਪਕੜ ਤੋੜਨ !

ਕਵਿਤਾਵਾਂ
ਜੋ ਆਦਮੀ ਨੂੰ ਨੀਂਦਰ ਤੋਂ ਜਗਾਉਣ
ਜ਼ਿੰਦਗੀ, ਨਾ ਕਿ ਮੌਤ
ਆਸ, ਨਾ ਕਿ ਉਦਾਸੀ
ਸਵੇਰ, ਨਾ ਕਿ ਹਨੇਰਾ
ਨਵਾਂ, ਨਾ ਕਿ ਪੁਰਾਣਾ
ਜੂਝਣਾ, ਨਾ ਕਿ ਝੁਕਣਾ

ਕਵੀਓ !
ਲੋਕਾਂ ਨੂੰ ਇਹ ਦੱਸੋ
ਕਿ ਸੁਪਨੇ ਸੱਚ ਵੀ
ਬਣ ਸਕਦੇ ਹਨ !
ਆਜ਼ਾਦੀ ਦੀ ਗੱਲ ਕਰੋ
ਅਤੇ ਅਮੀਰਾਂ ਨੂੰ
ਆਪਣੇ ਪਾਰਲਰ ਦੀਆਂ ਕੰਧਾਂ
ਸੁਗੰਧੀਆਂ ਵਾਲੀਆਂ ਲੀਕਾਂ ਨਾਲ ਭਰਨ ਦਿਓ !

ਆਜ਼ਾਦੀ ਦੀ ਗੱਲ ਕਰੋ
ਤੇ ਲੋਕਾਂ ਦੀਆਂ ਅੱਖਾਂ
ਸ਼ਕਤੀ ਤੇ ਗਿਆਨ ਨਾਲ ਭਰਪੂਰ ਕਰੋ
ਉਨ੍ਹਾਂ ਹਜ਼ਾਰਾਂ ਲੋਕਾਂ ਦੀਆਂ
ਜੋ ਜੇਲ੍ਹ ਦੀਆਂ ਸੀਖਾਂ ਨੂੰ ਘਾਹ ਵਾਂਗ ਮੋੜ ਦੇਣ
ਤੇ ਗਰੇਨਾਈਟ ਦੀਆਂ ਕੰਧਾਂ ਸਿੱਧ ਪੱਧਰੀਆਂ ਕਰ ਦੇਣ ।

ਕਵੀਓ !
ਲੋਕਾਂ ਨੂੰ ਕੁੰਜੀ ਲੱਭਣ ਵਿਚ ਮੱਦਦ ਦਿਓ
ਤਾ ਕਿ ਇਕ ਦਹਾਕਾ,
ਦਹਾਕੇ ਹੋਰ ਨੂੰ ਖਾਏ
ਦਹਾਕੇ ਹੋਰ ਨੂੰ ਖਾਏ ।

○

2.

## ਮੌਨਗੇਨ ਵੈਲੀ ਸੀਰੋਟ (ਦੱਖਣੀ ਅਫ਼ਰੀਕਾ)

### ਗਲੀਆਂ ਦੇ ਮੇਰੇ ਭਰਾਵੋ !

ਓਹ ! ਤੁਸੀਂ ਕਾਲੇ ਗੱਭਰੂਓ
ਪਤਲੇ ਪਰਛਾਵਿਉਂ—
ਜੋ ਰਾਤ ਵਿਚ ਠਾਰੀ ਤਰ੍ਹਾਂ ਉਠਦੇ ਹਨ
ਜਿਨ੍ਹਾਂ ਦੀਆਂ ਦਿਲ-ਚੀਰਵੀਆਂ ਚਾਪਾਂ
ਰਾਤ ਵਿਚ ਖੜਕਦੀਆਂ ਹਨ ।

ਗਲੀਆਂ ਦੇ ਮੇਰੇ ਭਰਾਵੋ,
ਜੋ ਜੇਲ੍ਹਾਂ 'ਚ ਛੁੱਟੀਆਂ ਕੱਟਦੇ,
ਹਸਪਤਾਲਾਂ 'ਚ ਆਰਾਮ ਕਰਦੇ
ਬੇਇਜ਼ਤੀ 'ਤੇ ਮੁਸਕਾਉਂਦੇ
ਤੇ ਗੋਰਿਆਂ ਤੋਂ ਡਰਦੇ ਹਨ !

ਓ ਕਾਲੇ ਮੁੰਡਿਓ
ਤੁਸੀਂ ਅਜਿਹੇ ਪਾਣੀ
ਜੋ ਕਾਲੀਆਂ ਚਰਾਗਾਹਾਂ ਨੂੰ ਲਿਤਾੜਦੇ
ਤੁਸੀਂ ਅਜਿਹੇ ਜਿਸਮ
ਜੋ ਗੋਲੀਆਂ ਨੂੰ ਚਕਮਾ ਦਿੰਦੇ ।

ਗਲੀਆਂ 'ਚ ਰੁਲਦੇ ਮੇਰੇ ਭਰਾਵੋ
ਜੋ ਦਾਰੂ ਪੀਂਦੇ ਤੇ ਰੀਕਾਰਡ ਸੁਣਦੇ ਹੋ
ਮਾਵਾਂ ਤੇ ਭੈਣਾਂ ਦੇ ਬਲਾਤਕਾਰ ਤੁਸੀਂ ਅੱਖੀਂ ਦੇਖੇ
ਜੋ ਗੋਰੇ ਹੱਥਾਂ ਤੋਂ ਭਿੱਖ ਮੰਗਦੇ ਹਨ
ਰੋਟੀ ਜੋ ਉਹ ਕਾਲਿਆਂ ਦੇ ਮੂੰਹੋਂ ਖੋਂਹਦੇ ਹਨ !

ਕਾਲੇ ਗੱਭਰੂਓ !
ਤੁਸੀਂ ਖ਼ੂਨ ਵਹਾਉਣ ਲੱਗੇ ਭੋਰਾ ਨਹੀਂ ਝਕਦੇ
ਸੁਣੋ ! ਆਓ ਮੇਰੇ ਕਾਲੇ ਭਰਾਵੋ !!
ਸੁਣੋ ! ਇਹ ਕਾਲੀਆਂ ਔਰਤਾਂ ਰੋ ਰਹੀਆਂ ਹਨ !!

3.

## ਬੈਰੀ ਫ਼ੀਨਬਰਗ (ਦੱਖਣੀ ਅਫ਼ਰੀਕਾ)

### ਅਚੰਭੇ ਦਾ ਗੀਤ

ਜਦੋਂ ਚਿੱਟੇ ਐਤਵਾਰ ਨੂੰ
ਹਰੀਆਂ ਚੁਗਦੇ ਹਨ
ਤੇ ਹਫ਼ਤੇ ਦੇ ਦਿਨਾਂ ਵਿਚ
ਸੋਨਾ ਉਗਾਉਂਦੇ ਹਨ—
ਪਿੱਛੇ ਘਰੀਂ, ਕਾਲੇ ਆਦਮੀ
ਟੁੱਟਦੀਆਂ ਪਿੱਠਾਂ ਸਮੁੱਖ ਵੀ
ਅਚੰਭੇ ਭਰੇ ਗੀਤ ਗਾਉਂਦੇ ਹਨ !

4.

## ਸਕਾਰਲਿਟ ਵਿਟਮਨ (ਦੱਖਣੀ ਅਫ਼ਰੀਕਾ)

### ਚਿੱਟੇ, ਕੇਵਲ ਚਿੱਟੇ

ਕੇਪਟਾਊਨ ਦੇ ਦਰ ਤੇ ਆਵਾਸੀ
ਜਦ ਆਉਂਦੇ ਹਨ
ਤਾਂ ਕੰਦੇ ਲੱਗਣ ਸਮੇਂ
ਸਵਾਲਾਂ ਦੀ ਇਹ ਬੁਛਾੜ ਹੁੰਦੀ ਹੈ :
ਕੀ ਤੁਸੀਂ ਦੁੱਧ ਚਿੱਟੇ ਹੋ, ਕੇਵਲ ਚਿੱਟੇ
ਜਾਂ ਅਰਧ-ਚਿੱਟੇ ?

ਅਸਲੀ ਭੂਰੇ, ਕੇਵਲ ਭੂਰੇ
ਜਾਂ ਖੁਰਦੁਰੇ ਤੇ ਲਾਲ-ਭੂਰੇ ?
ਮੁਕੰਮਲ ਕਾਲੇ, ਨੇੜੇ ਕਾਲੇ
ਜਾਂ ਪੀਲੇ ਤੇ ਫਿੱਟੇ ਕਾਲੇ ?

ਕੇਵਲ ਦਾਗ-ਰਹਿਤ ਨੂੰ ਹੀ ਹਮੇਸ਼ਾ ਸੱਦਾ ਹੈ
ਕੇਵਲ ਦਾਗ-ਰਹਿਤ ਹੀ ਹਮੇਸ਼ਾ ਰੱਖੇ ਜਾਂਦੇ ਹਨ
ਜਿਸ ਵਿਚ ਤੁਹਾਡਾ ਅਰੂਪ ਮਨ ਵੀ ਸ਼ਾਮਲ ਹੈ।

ਤੁਸੀਂ ਕੀ ਸੋਚਦੇ ਹੋ ?
ਤੁਸੀਂ ਕੀ ਮਹਿਸੂਸਦੇ ਹੋ ?
ਤੁਸੀਂ ਕਿਧਰ ਝੁਕਾਅ ਰੱਖਦੇ ਹੋ ?

(ਬਲਦੇ ਬੋਲ ਵਿਚੋਂ, ਅਨੁ: ਦਰਸ਼ਨ ਗਿੱਲ)

## ਗ਼ਜ਼ਲ

ਉਹ ਯਾਦ ਜਦ ਵੀ ਆਈ, ਆਈ ਬੁਰੀ ਤਰ੍ਹਾਂ।
ਉਸ ਸੀਨੇ ਧੂ ਪਾਈ, ਪਾਈ ਬੁਰੀ ਤਰ੍ਹਾਂ।

ਚਾਂਦੀ ਦੇ ਸਿਕਿਆਂ ਨੇ ਬੇਵਸੀ ਖ਼ਰੀਦੀ,
ਉਨ੍ਹਾਂ ਨੰਗੀ ਕਰ ਨਚਾਈ, ਨਚਾਈ ਬੁਰੀ ਤਰ੍ਹਾਂ।

ਚਿੜੀਆਂ ਦਾ ਮਰਨਾ ਮੂਰਖਾਂ ਦਾ ਹਾਸਾ,
ਖਿੱਲੀ ਉਨ੍ਹਾਂ ਉਡਾਈ, ਉਡਾਈ ਬੁਰੀ ਤਰ੍ਹਾਂ।

ਸੂਕਦੀ ਝਨਾਂ 'ਚ ਕੱਚਿਆਂ ਨੂੰ ਸੀਨੇ ਲਾ ਕੇ,
ਸੁਹਣੀ ਪ੍ਰੀਤ ਕੀ ਨਿਭਾਈ, ਨਿਭਾਈ ਬੁਰੀ ਤਰ੍ਹਾਂ।

ਰੋਹ ਅਸਾਡੇ ਯਾਰਾ ਗੱਲ ਐਸੀ ਆਖੀ,
ਉਨ੍ਹਾਂ ਜੀਭ ਤਾਲੂ ਲਾਈ, ਲਾਈ ਬੁਰੀ ਤਰ੍ਹਾਂ।

ਖਾ ਖਾ ਕੇ ਠੋਕਰਾਂ ਅਸੀਂ ਜੁਆਨ ਹੋਏ,
ਠੋਕਰਾਂ ਨੂੰ ਹੋਸ਼ ਆਈ, ਆਈ ਬੁਰੀ ਤਰ੍ਹਾਂ।

ਜ਼ਾਲਮਾਂ ਨੇ ਜ਼ਖ਼ਮ ਅੱਲੇ ਨੌਂਹਿਆਂ ਨਾਲ ਛਿੱਲੇ,
ਜ਼ਾਲਿਮ ਦੀ ਛਿੱਲ ਲਾਹੀ, ਲਾਹੀ ਬੁਰੀ ਤਰ੍ਹਾਂ।

ਅਵਤਾਰ ਸਾਦਿਕ

## ਆਸਤਕ ਨਾਸਤਕ/ਜਗਦੀਸ਼ ਕੌਸ਼ਲ

ਜੀ ਮੈਂ ਤਾਂ ਨਾਸਤਕ ਹਾਂ
ਜ਼ਿੰਦਗੀ ਵਿਚ ਰੱਬ ਲੱਭਦਾ ਹਾਂ
ਤੇ ਰੜੇ ਰੱਬ ਵਿਚ ਬੰਦਾ ਨਹੀਂ ਤਕਦਾ।

ਤੁਸੀਂ ਤਾਂ ਆਸਤਕ ਹੋ—
ਤੁਹਾਨੂੰ ਕੀਟ ਮਾਰਣ ਲੱਗਿਆਂ ਤਾਂ ਪਾਪ ਲਗਦਾ ਹੈ
ਪਰੰਤੂ ਬੰਦਿਆਂ ਦੀ ਮੌਤ ਵਿਚੋਂ ਪੁੰਨ ਲੱਭਦੇ ਹੋ।
ਤੁਹਾਡੀ ਨਜ਼ਰ ਵਿਚ ਤਾਂ, ਮਰ ਰਿਹਾ ਬੰਦਾ ਨਹੀਂ ਹੁੰਦਾ
ਉਹ ਤਾਂ ਕੋਈ ਸਿੱਖ, ਹਿੰਦੂ, ਜਾਂ ਫਿਰ ਮੁਸਲਮਾਨ ਹੁੰਦਾ ਹੈ।

ਤੇ ਮੈਂ ਤਾਂ ਨਾਸਤਕ ਹਾਂ—
ਜਦੋਂ ਕੋਈ ਕੀਟ ਮਰਦਾ ਹੈ
ਤਾਂ ਮੇਰਾ ਜਿਸਮ ਭੁਰਦਾ ਹੈ।
ਤੇ ਤੁਸੀਂ ਆਸਤਕ ਹੋ—
ਤੁਸੀਂ ਤਾਂ ਮਾਨਵੀ ਲਾਸ਼ਾਂ 'ਤੇ ਖੜਕੇ
ਨੱਚ ਸਕਦੇ ਹੋ।

ਇਹੀ ਤਾਂ ਫ਼ਰਕ ਹੈ
ਮੇਰੀ ਤੁਹਾਡੀ ਨਜ਼ਰ ਦੇ ਅੰਦਰ
ਕਿ ਮੈਨੂੰ ਬੰਦਿਆਂ ਦੀ ਹੋਂਦ ਅੰਦਰ ਰੱਬ ਦਿਸਦਾ ਹੈ
ਤੁਹਾਨੂੰ ਰੱਬ ਆਪਣੇ ਵਿਚ ਵੀ ਬੰਦਾ ਨਹੀਂ ਦਿਸਦਾ।

## ਮੰਗਤੇ

ਤੁਸੀਂ ਅੰਬਰ ਵਲ
ਕੀ ਤਕਦੇ ਹੋ ?
ਅੰਬਰ ਤਾਂ
ਕਦੋਂ ਦਾ ਲੀਰੋ ਲੀਰ
ਹੋ ਚੁੱਕਾ ਹੈ।

ਉਸ ਦੀ ਮੁਰਦਾ ਰੂਹ
ਕਬਰਸਤਾਨਾਂ ਵਿੱਚ
ਭੂਤ-ਪ੍ਰੇਤ ਬਣ ਭਟਕਦੀ ਹੈ
ਤੁਸੀਂ ਭਟਕਣਾ ਦੇ
ਜੰਗਲ ਬੀਆਬਾਨਾਂ ਵਿੱਚ
ਉਸ ਦੀ ਮੁਰਦਾ ਲਾਸ਼
ਹਿੱਕ ਨਾਲ ਲਾਈ
ਕਿਨ੍ਹਾਂ ਦੀ ਸੁਖ ਸਾਂਦ ਲਈ
ਕੋਡੇ ਹੋ ਕੇ ਨੱਕ ਰਗੜ ਰਗੜ
ਅਰਦਾਸਾਂ ਕਰਦੇ ਹੋ।

ਭੋਲਿਓ !
ਇੰਝ ਤਾਂ ਮੰਗਿਆਂ
ਕਦੇ ਮੌਤ ਵੀ ਨਹੀਂ ਮਿਲਦੀ।

ਤਿੰਨ ਧਿਰੇ ਸੋਵੀਅਤ-ਅੰਗੋਲੀਆਈ ਸਲਾਹ-ਮਸ਼ਵਰਿਆਂ ਵਿਚ ਸਹਿਮਤੀ ਪਰਗਟ ਕੀਤੀ ਗਈ ਸੀ, ਭ ਵ, ਅੰਗੋਲਾ ਦੀ ਸੁਤੰਤਰਤਾ, ਖੁਦਮੁਖਤਾਰੀ ਅਤੇ ਇਲਾਕਾਈ ਅਖੰਡਤਾ ਦੀ ਹਮਾਇਤ ਵਿਚ ਸੰਯੁਕਤ ਕਾਰਵਾਈਆਂ ਕਰਨ ਦੀ ਤਤਪਰਤਾ ਦੀ ਮੁੜ-ਪੁਸ਼ਟੀ ਕਰਦੇ ਹਨ।"

"ਦਖਣੀ ਅਫਰੀਕਾ ਵਿਚਲੀ ਸਥਿਤੀ ਇਕ ਫੌਰੀ ਰਾਜਨੀਤਕ ਨਿਬੇੜੇ ਦੀ ਮੰਗ ਕਰਦੀ ਹੈ। ਇਸਨੂੰ ਪਰਾਪਤ ਕਰਨ ਲਈ ਸਭ ਤੋਂ ਪਹਿਲਾਂ "ਫਰੰਟਲਾਈਨ" ਦੇ ਦੇਸ਼ਾਂ ਵਿਰੁਧ ਪਰੀਟੋਰੀਆ ਦੀ ਨਸਲਵਾਦੀ ਹਕੂਮਤ ਦੀ ਹਮਲੇ ਦੀ ਨੀਤੀ ਨੂੰ ਖਤਮ ਕਰਨ, ਅਤੇ ਉਹਨਾਂ ਦੇ ਅੰਦਰੂਨੀ ਮਾਮਲਿਆਂ ਵਿਚ ਦਖਲ ਨੂੰ ਅਤੇ ਦਹਿਸ਼ਤਵਾਦੀਆਂ ਤੇ ਭ ੜੇ ਦੇ ਟੱਟੂਆਂ ਦੇ ਗਰੋਹਾਂ ਦੀ ਵਰਤੋਂ ਨੂੰ ਰੋਕਣਾ ਜ਼ਰੂਰੀ ਹੈ।

ਅਮਰੀਕੀ ਰਾਜ-ਪਰਬੰਧ ਨੂੰ ਕੱਠਪੁਤਲੀ ਯੂਨਿਟ ਫੌਜਾਂ ਨੂੰ ਫੌਜੀ ਤੇ ਹਰ ਪਰਕਾਰ ਦੀ ਦੂਜੀ ਸਹਾਇਤਾ ਫੌਰਨ ਬੰਦ ਕਰ ਦੇਣੀ ਚਾਹੀਦੀ ਹੈ। ●

---

ਬੁਖਲਾਏ ਤੇ ਲੜਖੜਾਅ ਰਹੇ ਫੌਜੀ ਡਿਕਟੇਟਰ ਨੇ ਹੋਰ ਵੀ ਅਜੇਹੀਆਂ ਕਈ ਧਮਕੀਆਂ ਦਿਤੀਆਂ ਹਨ ਤੇ ਬੇਥੱਵੀਆਂ ਗੱਲਾਂ ਕੀਤੀਆਂ ਹਨ। ਔਪਰ ਉਹ ਭੁਲਦੇ ਹਨ ਕਿ ਜਮਹੂਰੀਅਤ ਬਹਾਲੀ ਲਈ ਜਾਗਰੂਕ ਹੋ ਚੁੱਕੇ ਲੋਕਾਂ ਅਗੇ ਉਹ ਹੁਣ ਬਹੁਤਾ ਦਿਨ ਟਿਕ ਨਹੀਂ ਸਕਣਗੇ।

ਅਸੀਂ ਪਾਕਿਸਤਾਨ ਦੀਆਂ ਸਮੂਹ ਜਮਹੂਰੀ ਸ਼ਕਤੀਆਂ ਅਤੇ ਲੋਕਾਂ ਦੇ ਜਮਹੂਰੀਅਤ ਬਹਾਲੀ ਵਾਸਤੇ ਅਤੇ ਪਾਕਿ ਦੇ ਅੰਦਰੂਨੀ ਮਾਮਲਿਆਂ ਵਿਚ ਅਮਰੀਕੀ ਮੁਦਾਖਲਤ ਦੇ ਖਾਤਮੇ ਲਈ, ਭ ਰਤ, ਅਫਗਾਨਸਤਾਨ ਤੇ ਇਸ ਦੇ ਦੂਸਰੇ ਗਵਾਂਢੀ ਦੇਸ਼ਾਂ ਨਾਲ ਸਹਿਯੋਗ ਤੇ ਮਿਤਰਤਾ ਵਾਲੇ ਸਬੰਧਾਂ ਦੀ ਬਦੇਸ ਨੀਤੀ ਲਈ ਸੰਘਰਸ਼ ਦੀ ਸਫਲਤਾ ਦੀ ਕਾਮਨਾ ਕਰਦੇ ਹਾਂ ਅਤੇ ਉਹਨਾਂ ਦੇ ਇਸ ਸੰਘਰਸ਼ ਨਾਲ ਆਪਣੀ ਮੁਕੰਮਲ ਇਕਮੁਠਤਾ ਅਤੇ ਹਮਾਇਤ ਦਾ ਪਰਗਟਾਵਾ ਕਰਦੇ ਹਾਂ। ●

ਉਹਨਾਂ ਨੂੰ ਇਹ ਸਮਝ ਨਹੀਂ ਆ ਰਹੀ ਕਿ ਉਹ ਜੋ ਕੁਝ ਵੀ ਕਰ ਰਹੇ ਹਨ ਉਹ ਅੱਤਵਾਦੀ-ਵੱਖਵਾਦੀ ਤੱਤਾਂ ਲਈ ਹੀ ਸਹਾਇਕ ਸਿੱਧ ਹੋ ਰਿਹਾ ਹੈ ਜਿੰਨਾ ਨੂੰ ਕਿ ਨੰਗੀ ਚਿੱਟੀ ਸਾਮਰਾਜੀ ਮਦਦ ਤੇ ਸ਼ਹਿ ਪ੍ਰਾਪਤ ਹੈ ਅਤੇ ਜਿਹੜੇ ਕਿ ਗ਼ਦਾਰਾਂ ਵਾਲਾ ਰੋਲ ਅਦਾ ਕਰ ਰਹੇ ਹਨ।

ਜੇ ਗੱਦੀ ਭੁੱਖ ਸਾਬਕਾ ਮੁਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਸ ਬਕਾ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਪਰਧਾਨ ਸ਼ਿਰੀ ਗੁਰਚਰਨ ਸਿੰਘ ਟੌਹੜਾ ਨੂੰ ਅੱਤਵਾਦੀ ਵੱਖਵਾਦੀ ਤੱਤਾਂ ਦਾ ਵਿੰਗੇ ਟੇਢੇ ਤਰੀਕੇ ਨਾਲ ਪੱਖ ਪੂਰਨ ਤਕ ਲੈ ਗਈ ਹੈ ਤਾਂ ਉਹਨਾਂ ਦੇ ਇਰਾਦਿਆਂ ਬਾਰੇ ਹਰ ਕੋਈ ਸ਼ੱਕ ਪ੍ਰਗਟਾ ਸਕਦਾ ਹੈ।

ਅੱਤਵਾਦੀ-ਵੱਖਵਾਦੀ ਤੱਤਾਂ ਨੂੰ ਸ੍ਰੀ ਹਰਮੰਦਰ ਸਾਹਿਬ ਕੰਪਲੈਕਸ ਵਿਚੋਂ ਖਦੇੜਨ ਦੀ ਕਾਰਵਾਈ ਨਾਲ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪਰਧਾਨ ਸ੍ਰੀ ਗੁਰਚਰਨ ਸਿੰਘ ਟੌਹੜਾ, ਸ਼ਿਰੀ ਪ੍ਰਕਾਸ਼ ਸਿੰਘ ਬਾਦਲ ਉਹਨਾਂ ਦੇ ਕਾਫਲੇ ਦੇ ਹੋਰ ਲੋਕਾਂ ਨੂੰ ਹੀ ਸ੍ਰੀ ਹਰਮੰਦਰ ਸਾਹਿਬ ਅੰਦਰ ਦਾਖਲ ਹੋ ਕੇ ਮੱਥਾ ਟੇਕਣ ਦਾ ਮੌਕਾ ਹੀ ਨਹੀਂ ਮਿਲਿਆ ਸਗੋਂ ਹੋਰ ਸ਼ਰਧਾਲੂ ਵੀ ਹੁਣ ਬਿਨਾਂ ਕਿਸੇ ਡਰ ਖੌਫ ਦੇ ਉਥੇ ਆ ਜਾ ਰਹੇ ਹਨ। ਇਸ ਤਰਾਂ ਹਰਮੰਦਰ ਸਾਹਿਬ ਕੰਪਲੈਕਸ ਉਤੋਂ ਅੱਤਵਾਦੀ-ਵੱਖਵਾਦੀ ਤੱਤਾਂ ਦਾ ਕਬਜ਼ਾ ਟੁੱਟਣ ਪਿਛੋਂ ਉਥੇ ਦਾ ਮਾਹੌਲ ਚੰਗਾ ਹੋਇਆ ਹੈ। ਪਰ ਇਸ ਤਰਾਂ ਦੀ ਚਹਿਲ ਪਹਿਲ ਬਾਗੀ ਅਕਾਲੀ ਆਗੂਆਂ ਨੂੰ ਰਾਸ ਨਹੀਂ ਆਈ। ●

---

ਉਹ ਮੇਰੀ ਪੱਗ ਵੱਲ ਬੜੇ ਗਹੁ ਨਾਲ ਤੱਕਣ ਲੱਗਾ।

"ਕਿਉਂ ਹੈਨ ਇਹਦੇ ਵਿਚ ਕੋਈ ਬੰਬ!"

"ਨਹੀਂ।"

"ਵੇਖ, ਓਹ ਫੋਟੋ—ਤੇਰੀ ਮੰਮਾ ਨੇ ਵੀ ਪੱਗ ਬੰਨੀ ਹੋਈ ਐ, ਕਿਵੇ ਸਰਦਾਰ ਦੀ ਸਰਦਾਰ ਬਣੀ ਹੋਈ ਐ।"

"ਹਾਂ।" ਤੇ ਉਹ ਮੇਰੇ ਵੱਲ ਤੱਕ ਕੇ ਮੁਸਕਰਾ ਪਿਆ।

"ਤੇ ਬੋਲ, ਹੁਣ ਖਿਡਾਉਣੇ ਲਵੇਂਗਾ ਨਾ।"

"ਹਾਂ!" ਤੇ ਉਹਨੇ ਮੇਰੇ ਲਿਆਂਦੇ ਖਿਡਾਉਣੇ ਇਕ ਇਕ ਕਰਕੇ ਚੁੱਕ ਲਏ।

ਮੇਰੀ ਖੁਸ਼ੀ ਦੀ ਹੱਦ ਨਾ ਰਹੀ। ਮੈਂ ਉਹਨੂੰ ਮੁੜ ਕੁੱਛੜ ਚੁੱਕ ਲਿਆ ਤੇ ਉਹਦੇ ਮੂੰਹ ਨੂੰ, ਉਹਦੇ ਮੱਥੇ ਨੂੰ ਉਸਦੀਆਂ ਅੱਖਾਂ ਨੂੰ ਬਾਰ ਬਾਰ ਚੁੰਮਣ ਲੱਗ ਪਿਆ। ●


# TOOR SPICES

6669 FRASER ST., VANCOUVER, B.C.

PH. 324-3432

ਵਿਆਹ ਸ਼ਾਦੀ, ਅਖੰਡ ਪਾਠਾਂ ਆਦਿ ਲਈ ਗਰੌਸਰੀ ਖਰੀਦਣ ਤੇ ਸਪੈਸ਼ਲ ਡਿਸਕਾਊਂਟ ਹੋਵੇਗਾ

# SINGH FOODS

6684 MAIN ST., (AT 51st. AVE.) VANCOUVER, B.C.

PH. 327-4911

ਕਹਾਣੀ

# ਸਰਦਾਰ

ਜਗਦੀਸ਼ ਅਰਮਾਨੀ

ਪੰਜਾਬ ਵਿਚ ਫਿਕਾਂ ਇੰਨੀ ਮਾੜੀ ਨਹੀਂ ਸੀ.ਜਿੰਨਾ ਇਹਦਾ ਪੰਜਾਬ ਤੋਂ ਬਾਹਰ ਚਰਚਾ ਸੀ।

ਹੁਣ ਮੈਂ ਜਦੋਂ ਵੀ ਸਿੰਘਪੁਰ, ਹਾਂਗਕਾਂਗ ਜਾਂ ਨੇਪਾਲ ਬਿਜ਼ਨਸ ਟੂਰ ਤੇ ਜਾਂਦਾ ਤਾਂ ਅਕਸਰ ਲੋਕੀਂ ਮੈਥੋਂ ਪੰਜਾਬ ਸਬੰਧੀ ਭਾਂਤ ਭਾਂਤ ਦੇ ਪ੍ਰਸ਼ਨ ਪੁੱਛਦੇ। ਮੈਂ ਉਹਨਾਂ ਨੂੰ ਬਥੇਰਾ ਸਮਝਾਂਦਾ ਕਿ ਉਥੇ ਇਸ ਤਰ੍ਹਾਂ ਦੀ ਕੋਈ ਗੱਲ ਨਹੀਂ ਹੈ। ਉਥੇ ਤਾਂ ਲੋਕੀਂ ਹੁਣ ਕੱਠੇ ਰਹਿੰਦੇ ਹਨ। ਇਥੋਂ ਤੱਕ ਕਿ ਰਾਤ ਸਮੇਂ ਵੀ ਲੋਕੀਂ ਸਿਨੇਮਾ ਵੇਖਣ ਜਾਂਦੇ ਹਨ, ਸੜਕਾਂ ਤੇ ਫਿਰਦੇ ਹਨ, ਗੱਡੀਆਂ ਰਾਹੀਂ ਯਾਤਰਾ ਕਰਦੇ ਹਨ। ਪਰ ਉਹ ਮੰਨਦੇ ਨਹੀਂ ਸਨ। ਜਦੋਂ ਮੈਂ ਉਹਨਾਂ ਨੂੰ ਕਹਿੰਦਾ ਕਿ ਮੈਂ ਹੁਣੇ ਪੰਜਾਬ ਤੋਂ ਆਇਆ ਹਾਂ ਤੇ ਉਹਨਾ ਕੋਲੋਂ ਮਾਲ ਲੈ ਕੇ ਸਿੱਧਾ ਪੰਜਾਬ ਹੀ ਜਾਣਾ ਹੈ ਤਾਂ ਉਹ ਮੇਰੀ ਗੱਲ ਕੁਝ ਕੁਝ ਮੰਨਣ ਲੱਗ ਪੈਂਦੇ।

ਪਰ ਹੁਣ ਮੈਂ ਵੇਖ ਰਿਹਾ ਸਾਂ ਕਿ ਦੂਜੇ ਫਿਰਕੇ ਦੇ ਲੋਕਾਂ ਦਾ ਮੋਹ ਪਿਆਰ ਮੇਰੇ ਨਾਲ ਕੁਝ ਘਟ ਰਿਹਾ ਸੀ। ਹੁਣ ਮੈਨੂੰ ਉਹ ਪਹਿਲਾਂ ਵਾਂਗ ਤਪਾਕ ਨਾਲ ਨਹੀਂ ਸਨ ਮਿਲਦੇ। ਨਾਂ ਹੀ ਮੇਰੇ ਨਾਲ ਉਹ ਖੁਲ੍ਹ ਕੇ ਪਹਿਲੇ ਵਾਂਗ ਗੱਲਾਂ ਕਰਦੇ ਸਨ-ਬਸ ਘੁੱਟੇ ਘੁੱਟੇ ਸੁੰਗੜੇ ਸੁੰਗੜੇ ਹੀ ਰਹਿੰਦੇ ਸਨ। ਉਹਨਾਂ ਦੇ ਦਿਲਾਂ ਵਿਚ ਕੋਈ ਗੰਢ ਹੁੰਦੀ ਜਿਹਨੂੰ ਉਹ ਮੇਰੇ ਸਾਹਮਣੇ ਖੋਲ੍ਹਣ ਤੋਂ ਝਿਜਕਦੇ ਰਹਿੰਦੇ। ਪਰ ਉਦੋਂ ਮੈਨੂੰ ਬੜੀ ਕੋਫਤ ਹੁੰਦੀ, ਜਦੋਂ ਕਈ ਵਾਰ ਮੇਰੇ ਉਹਨਾਂ ਕੋਲ ਪਹੁੰਚਣ ਉਤੇ ਉਹ ਗੱਲਾਂ ਕਰਦੇ ਕਰਦੇ ਚੁੱਪ ਹੋ ਜਾਂਦੇ ਜਾਂ ਗਲਾਂ ਦਾ ਟਾਪਿਕ ਹੀ ਬਦਲ ਲੈਂਦੇ ਨਿਰਾ ਇਹ ਹੀ ਨਹੀਂ, ਜਦੋਂ ਮੈਂ ਆਪਣੇ ਫਿਰਕੇ ਵਾਲੇ ਲੋਕਾਂ ਵਿਚ ਜਾਂਦਾ ਤਾਂ ਉਹ ਵੀ ਹੋਰ ਦੀਆਂ ਹੋਰ ਗੱਲਾਂ ਕਰਦੇ-ਬੜੀਆਂ ਉਚੀਆਂ ਉਚੀਆਂ ਤੇ ਲੰਬੀਆਂ ਲੰਬੀਆਂ, ਬੱਸ ਉਂਜ ਹੀ ਅਸਮਾਨ ਨੂੰ ਟਾਕੀਆਂ ਲਾਉਂਦੇ। ਮੈਨੂੰ ਇਹ ਸਾਰਾ ਕੁਝ ਜ਼ਰਾ ਨਾ ਚੰਗਾ ਲੱਗਦਾ।

ਪਰ ਹੁਣ ਪੰਜਾਬ ਵਿਚ ਵੀ ਹਾਲਾਤ ਬੜੀ ਤੇਜ਼ੀ ਨਾਲ ਬਦਲ ਰਹੇ ਸਨ। ਪੁਰਾਣੇ ਰਿਸ਼ਤੇ ਤਿੜਕ ਰਹੇ ਸਨ। ਸਾਂਝਾਂ ਟੁਟ ਰਹੀਆਂ ਸਨ। ਆਪਸ਼ਦਾਰੀਆਂ ਮੁਕ ਰਹੀਆਂ ਸਨ। ਵਾਤਾਵਰਣ ਸਾਰਾ ਬੋਝਲ ਬੋਝਲ ਤੇ ਕਸੈਲਾ ਕਸੈਲਾ ਹੋ ਰਿਹਾ ਸੀ। ਇਕ ਤਣਾਓ ਜਿਹਾ ਬੱਸ ਚਾਰੇ ਪਾਸੇ ਬੁਣਿਆ ਜਾ ਰਿਹਾ ਸੀ ਇਕ ਕੰਧ ਜਿਹੀ ਦੋਹਾਂ ਫਿਰਕਿਆਂ ਵਿਚਾਲੇ ਉਸਰ ਰਹੀ ਸੀ।

ਇਸ ਵਾਰ ਜਦੋਂ ਮੈਂ ਸਿੰਘਪੁਰ ਤੋਂ ਆਇਆ ਤਾਂ ਹਮੇਸ਼ਾ ਦੀ ਤਰ੍ਹਾਂ ਇਸ ਵਾਰ ਸਵਿਤਾ ਸਾਡੇ ਘਰ ਨਾ ਆਈ। ਗਲੀ ਮੁਹੱਲੇ 'ਚੋਂ ਬਹੁਤ ਸਾਰੇ ਲੋਕ, ਜਿਨ੍ਹਾਂ 'ਚ ਆਦਮੀ, ਔਰਤਾਂ ਤੇ ਬੱਚੇ ਸਨ, ਸਭ ਆਏ। ਆਪਣੀ ਆਪਣੀ ਮਨਪਸੰਦ ਦੀ ਚੀਜ਼ ਲੈ ਕੇ ਤੁਰਦੇ ਬਣੇ ਪਰ ਸਵਿਤਾ ਨਾ ਆਈ। ਨਾ ਹੀ ਉਸ ਨੇ ਗੁਲ੍ਹੂ ਨੂੰ ਭੇਜਿਆ। ਨਾ ਹੀ ਉਹਨੇ ਆਪਣੀ ਮਨਪਸੰਦ ਦੀ ਚੀਜ਼ ਮੰਗਵਾਉਣ ਲਈ ਕੋਈ ਸੰਦੇਸ਼ ਘੱਲਿਆ। ਮੈਂ ਹੈਰਾਨ-ਪ੍ਰੇਸ਼ਾਨ, ਲੋਕਾਂ ਦੀ ਭੀੜ ਵਿਚ ਸਵਿਤਾ ਤੇ ਗੁਲ੍ਹੂ ਦੇ ਚਿਹਰਿਆਂ ਨੂੰ ਲੱਭਣ ਦਾ ਨਿਸਫਲ ਜਿਹਾ ਜਤਨ ਕਰਦਾ-ਪਰ ਉਹ ਉਹਨਾਂ ਵਿਚ ਉਥੇ ਹੋਣ ਤਾਂ ਮੈਨੂੰ ਦਿੱਸਣ। ਮੈਂ ਸੋਚਿਆ ਕਿਤੇ ਸਵਿਤਾ ਮੇਰੇ ਪਹੁੰਚਣ ਉਤੇ ਸਭ ਤੋਂ ਪਹਿਲਾ ਉਡੀ ਉਡੀ ਸਾਡੇ ਘਰ ਆਉਂਦਾ ਕਿਤੇ ਅੱਜ ਉਹ ਨਜ਼ਰ ਵੀ ਨਹੀਂ ਸੀ ਆ ਰਹੀ। ਮੈਂ ਆਪਣੀ ਘਰਵਾਲੀ ਤੋਂ ਬਾਰ ਬਾਰ ਪੁਛਿਆ ਪਰ ਉਹ ਲੋਕਾਂ ਵਿਚ ਰੁਝੀ ਹੋਈ ਨੇ, ਭੀੜ ਵਿਚ ਘਿਰੀ ਹੋਈ ਨੇ, ਕੋਈ ਖਾਸ ਨਾ ਗੌਲਿਆ। ਜਦੋਂ ਮੈਂ ਖਿਝ ਕੇ ਪੁਛਿਆ ਤਾਂ ਉਹ ਬੋਲੀ, "ਸਵਿਤਾ ਹੁਣ ਉਹ ਸਵਿਤਾ ਨਹੀਂ ਰਹੀ ਛੱਡੋ।"

"ਕਿਉਂ?

"ਉਹਦਾ ਸਹੇਲਪੁਣਾ ਅੱਜ ਕੱਲ ਸ਼ਾਮ ਪਿਆਰੀ ਨਾਲ ਹੋ ਗਿਆ ਹੈ। ਸ਼ਾਮ ਪਿਆਰੀ ਉਹਨੂੰ ਹੋਰ ਕਿਤੇ ਨਹੀਂ ਜਾਣ ਦੇਂਦੀ।"

ਸ਼ਾਮ ਪਿਆਰੀ ਨੂੰ ਮੈਂ ਜਾਣਦਾ ਸਾਂ। ਸੌ ਫਿਟਣੀਆਂ ਦਾ ਫੇਟ। ਭਾਵੇਂ ਉਹ ਕਿਸੇ ਸੰਗਠਨ ਜਾਂ ਪਾਰਟੀ ਨੂੰ ਪੰਜ ਪੈਸੇ ਮਹੀਨੇ ਦਾ ਚੰਦਾ ਤੱਕ ਵੀ ਨਹੀਂ ਸੀ ਦੇਂਦੀ, ਪਰ ਉਹ ਗੱਲਾਂ ਬੜੀਆਂ ਵੱਡੀਆਂ ਵੱਡੀਆਂ, ਤਿੱਖੀਆਂ ਤਿੱਖੀਆਂ ਤੇ ਕਲੇਜਾ ਵਿੰਨ੍ਹਣ ਵਾਲੀਆਂ ਕਰਦੀ। ਕਦੇ ਕੋਈ ਤਿਉਹਾਰ ਹੁੰਦਾ ਜਾਂ ਕਿਤੇ ਕੋਈ ਘਟਨਾ ਵਾਪਰਦੀ। ਉਹ ਆਪਣੀਆਂ ਬਾਹਵਾਂ ਉਲਾਰ ਉਲਾਰ ਕੇ ਗੱਲਾਂ ਕਰਦੀ ਤੇ ਇਕ ਤਰ੍ਹਾਂ ਨਾਲ ਮਹੌਲ ਨੂੰ ਗੰਧਲਾ ਗੰਧਲਾ ਤੇ ਦੂਸ਼ਤ ਦੂਸ਼ਤ ਬਣਾਂਦੀ ਰਹਿੰਦੀ। ਪਰ ਅਸੀਂ ਗਲੀ ਮੁਹੱਲੇ ਵਾਲੇ ਸਾਰੇ ਉਸਦੇ ਇਸ ਸੁਭਾਅ ਨੂੰ ਜਾਣਦੇ ਸਾਂ ਇਸ ਲਈ ਅਸੀਂ ਕਦੇ ਉਹਦੀਆਂ ਗੱਲਾਂ ਨੂੰ ਗੌਲਦੇ ਹੀ ਨਹੀਂ ਸਾਂ।

ਪਰ ਅੱਜ ਮੈਂ ਕਝ ਗੰਭੀਰ ਜਿਹਾ ਹੋ ਗਿਆ।

ਫੇਰ ਚਿੰਦ ਕੁ ਮਗਰੋਂ ਮੈਂ ਮੁੜ ਪੁੱਛਿਆ, "ਪਰ ਗੁਲ੍ਹੂ ਵੀ ਨਹੀਂ ਆਇਆ-ਵੇਖੀ ਐਤਕੀਂ ਗੁਲ੍ਹੂ ਲਈ ਮੈਂ ਕਿੰਨੀ ਵਧੀਆ ਟਾਰਚ ਤੇ ਬੈਂਡ ਵਾਜਾ ਲਿਆਇਆ ਹਾਂ।"

"ਉਹ ਵੀ ਹੁਣ ਨਹੀਂ ਆਵੇਗਾ", ਮੇਰੀ ਘਰਵਾਲੀ ਨੇ ਆਖਿਆ, "ਉਹਨੇ ਕੇਸ ਵੀ ਕਟਵਾ ਦਿੱਤੇ ਹਨ।"

ਮੇਰੇ ਦਿਲ ਨੂੰ ਧੱਕਾ ਲੱਗਿਆ। ਮੈਂ ਆਪਣੀ ਥਾਵੇਂ ਖੜਾ ਨਾ ਰਹਿ ਸਕਿਆ। ਮੈਂ ਬੈਠਕ ਵਿਚ ਚਲਾ ਗਿਆ।

ਬੈਠਕ ਦੀ ਵੱਡੀ ਸ਼ੈਲਫ ਵਿਚ ਸਵਿਤਾ ਦੀ ਫੋਟੋ ਲੱਗੀ ਹੋਈ ਸੀ। ਸਵਿਤਾ ਨੇ ਫੋਟੋ ਵਿਚ ਸਿਰ ਤੇ ਪੱਗ ਬੰਨ੍ਹੀ ਹੋਈ ਸੀ। ਪੂਰਾ ਸਰਦਾਰ ਦੀ ਸਰਦਾਰ ਲੱਗਦੀ ਸੀ ਤੇ ਦੁੱਧ ਚਿੱਟੇ ਦੰਦਾਂ ਨਾਲ ਮੰਦ ਮੰਦ ਮੁਸਕਰਾ ਰਹੀ ਸੀ।

ਦਸ ਵਰੇ ਪਹਿਲਾਂ ਦੀ ਸਵਿਤਾ ਮੇਰੇ ਸਾਹਮਣਿਓਂ, ਉਂਜ ਦੀ ਉਂਜ, ਸਾਰੀ ਦੀ ਸਾਰੀ ਲੰਘ ਗਈ। ਦਸ ਵਰੇ ਪਹਿਲਾਂ ਉਨ੍ਹਾਂ ਨੇ ਸਾਡੇ ਵਾਲੇ ਮਕਾਨ ਤੋਂ ਇਕ ਮਕਾਨ ਛੱਡ ਕੇ ਸਾਡੀ ਗਲੀ ਵਿਚ ਸਭ ਤੋਂ ਛੋਟਾ ਮਕਾਨ ਲਿਆ ਸੀ। ਮਕਾਨ ਭਾਵੇਂ ਬਹੁਤ ਛੋਟਾ ਸੀ, ਪਰ ਉਨ੍ਹਾਂ ਦੋਵਾਂ ਮੀਆਂ ਬੀਵੀ ਲਈ ਕਾਫੀ ਸੀ। ਉਹਦਾ ਘਰਵਾਲਾ ਕਿਸੇ ਦੁਕਾਨ ਤੇ ਨੌਕਰ ਸੀ। ਸਵੇਰ ਵੇਲੇ ਇਕ ਹਨੇਰੇ ਉਹ ਘਰੋਂ ਜਾਂਦਾ ਤੇ ਤਰਕਾਲਾਂ ਵੇਲੇ ਦੂਜੇ ਹਨੇਰੇ ਘਰ ਆਉਂਦਾ। ਇਸ ਲਈ ਕੱਲੀ ਸਵਿਤਾ ਨੂੰ ਇਹ ਮਕਾਨ ਮੁੱਕਦਾ ਨਹੀਂ ਸੀ।

ਸਵਿਤਾ ਬਹੁਤ ਕਰਕੇ ਸਾਡੇ ਘਰ ਹੀ ਹੁੰਦੀ। ਉਹਦਾ ਆਉਂਦਿਆਂ ਹੀ ਮੇਰੀ ਘਰਵਾਲੀ ਨਾਲ ਸਹੇਲਪੁਣਾ ਪੈ ਗਿਆ ਸੀ। ਇਹ ਫੋਟੋ ਵੀ ਉਹਨੇ ਮੇਰੇ ਕੋਲੋਂ ਉਤਰਵਾਈ ਸੀ। ਉਨ੍ਹਾਂ ਦਿਨਾਂ ਵਿਚ ਮੈਂ ਜਪਾਨ ਤੋਂ ਇਕ ਕੈਮਰਾ ਲੈ ਕੇ ਆਇਆ ਸਾਂ। ਸਵਿਤਾ ਨੇ ਇਕ ਦਿਨ ਮੇਰੇ ਹੱਥਾਂ ਵਿਚ ਕੈਮਰਾ ਵੇਖ ਕੇ ਆਖਿਆ ਸੀ, "ਮੇਰੀ ਫੋਟੋ ਨਹੀਂ ਖਿਚਣੀ?"

"ਕਿਉਂ", ਖਿੱਚਾਂਗਾ ਕਿਉਂ ਨਹੀਂ? ਜਦੋਂ ਕਹੇਂ।"

ਤੇ ਮੈਂ ਉਹਦੀ ਫੋਟੋ ਖਿੱਚੀ ਸੀ। ਫੋਟੋ ਉਹਨੇ ਮੇਰੇ ਪਹਿਰਾਵੇ ਵਿਚ ਖਿਚਵਾਈ ਸੀ। ਉਹਨੂੰ ਸਰਦਾਰਾਂ ਵਾਂਗ ਫੋਟੋ ਖਿਚਵਾਣ ਦਾ ਬੜਾ ਸ਼ੌਂਕ ਸੀ। ਉਹਨੇ ਮੇਰੇ ਕਪੜੇ ਪਹਿਨੇ ਸਨ। ਮੇਕ-ਅੱਪ ਭੀ ਮੈਂ ਉਹਦਾ ਕੀਤਾ ਸੀ। ਪੱਗ ਵੀ ਉਹਦੀ ਮੈਂ ਬੰਨ੍ਹੀ ਸੀ। ਪੱਗ ਬੰਨ੍ਹਣ ਲੱਗਿਆਂ, ਸਾਡੇ ਅੰਗ, ਜਾਣੇ ਜਾਂ ਅਣਜਾਣੇ ਕਈ ਵਾਰ ਇਕ ਦੂਜੇ ਨਾਲ ਟਕਰਾਏ ਸਨ। ਪਰ ਉਹ ਰਬੜ ਦੀ

ਗੁੱਡੀ ਬਣੀ ਮੇਰੇ ਸਾਹਮਣੇ ਇੰਜ ਖੜੀ ਸੀ ਜਿਵੇਂ ਉਸ ਵਿਚ ਸਾਹ ਹੀ ਨਾ ਹੋਵੇ। ਉਹਦੇ ਚਿਹਰੇ ਤੇ ਕਿਸੇ ਕਿਸਮ ਦਾ ਕੋਈ ਉਤਰਾਓ ਚੜ੍ਹਾਓ ਵੀ ਨਾ ਆਇਆ। ਉਹ ਪੱਗ ਬੱਸ ਕਿਸੇ ਲੋਅ ਵਿਚ ਮੇਥੋਂ ਬੰਨ੍ਹਵਾਂਦੀ ਰਹੀ ਤੇ ਮੈਂ ਉਹਦੀ ਪੱਗ ਬੰਨ੍ਹਦਾ ਰਿਹਾ। ਪੱਗ ਬੰਨ੍ਹ ਕੇ ਮੈਂ ਉਸਦੀ ਫੋਟੋ ਖਿੱਚ ਲਈ। ਫੋਟੋ ਵਿਚ ਉਹ ਉਚੀ ਲੰਮੀ ਸਰਦਾਰ ਜਿਹਾ ਬਣ ਕੇ, ਆਪਣੇ ਦੁੱਧ ਚਿੱਟੇ ਦੰਦਾਂ ਦੀ ਪੂਰੀ ਦੀ ਪੂਰੀ ਬੀੜ, ਆਪਣੇ ਖੁਲੇ ਵਾਤ੍ਹ ਰਾਹੀਂ ਕੱਢਕੇ, ਮੰਦ ਮੰਦ ਮੁਸਕਰਾ ਰਹੀ ਸੀ। ਉਹਦੀ ਹੱਸਦੀ ਦੇ ਮੋਟੇ ਦੋਵੇਂ ਬੁੱਲ ਵੀ ਕਿੰਨੇ ਪਿਆਰੇ ਪਿਆਰੇ ਲੱਗ ਰਹੇ ਸਨ।

ਫੋਟੋ ਤਿਆਰ ਹੋਣ ਤੇ, ਇਕ ਫੋਟੋ ਮੈਂ ਉਹਨੂੰ ਦੇ ਦਿੱਤੀ ਤੇ ਦੂਜੀ ਆਪਣੇ ਕੋਲ ਰੱਖ ਲਈ।

ਉਹ ਬੋਲੀ, "ਇਹ ਕੀ ਕਰੋਗੇ?"

"ਇਹ ਮੈਂ ਆਪਣੀ ਬੈਠਕ ਦੀ ਸ਼ੈਲਫ 'ਚ ਲਗਾਵਾਂਗਾ।"

"ਇਸੇ ਤਰ੍ਹਾਂ।"

"ਨਹੀਂ ਫਰੇਮ ਚੜ੍ਹਵਾ ਕੇ।"

"ਲਿਆਓ-ਉਰੇ ਕਰੋ!" ਉਹਨੇ ਆਖਿਆ।

ਮੈਂ ਉਹਦੇ ਵੱਲ ਤੱਕਿਆ ਤੇ ਫੋਟੋ ਉਹਨੂੰ ਫੜਾ ਦਿੱਤੀ।

"ਪੰਜ ਰੁਪਏ ਵੀ ਕੱਢੋ!"

ਮੈਂ ਹੈਰਾਨ ਰਹਿ ਗਿਆ।

"ਤੁਹਾਨੂੰ ਫਰੇਮ ਚੜ੍ਹਵਾ ਦਿਆਂਗੀ।" ਉਹਨੇ ਆਖਿਆ।

ਮੈਂ ਉਹਨੂੰ ਪੰਜਾਂ ਦਾ ਨੋਟ ਦੇ ਦਿੱਤਾ।

"ਪਰ ਤੁਸੀਂ ਇਹਨੂੰ ਰੱਖ ਕੇ ਕੀ ਕਰੋਗੇ?"

"ਮੈਨੂੰ ਬਹੁਤ ਚੰਗੀ ਲੱਗੀ ਏ।"

"ਕਿਵੇਂ?" ਉਸ ਪੁਛਿਆ।

"ਮੈਨੂੰ ਨਾ ਇਸ ਵਿਚ ਤੇਰੇ ਹੱਸਦੀ ਦੇ ਦੰਦ ਬੜੇ ਚੰਗੇ ਲਗਦੇ ਹਨ —ਨਾਲੇ ਬੁਲ੍ਹ ਵੀ।"

"ਜਾਓ ਝੂਠੇ!" ਉਹਨੇ ਹੱਸਦੀ ਨੇ ਆਖਿਆ, ਦੰਦ ਤਾਂ ਮੇਰੇ ਨਹਿਸ਼ ਹਨ —ਬਿਲਕੁਲ ਭੀੜੇ ਜਿਹੇ। ਮੈਨੂੰ ਸਾਰੇ ਆਖਦੇ ਸਨ ਕਿ ਤੈਨੂੰ ਸੱਸ ਨੇ ਜ਼ਰਾ ਨੀ ਪਿਆਰ ਕਰਨਾ। ਤੇ ਸੱਚੀਂ, ਮੇਰੀ ਸੱਸ ਹੈ ਈ ਨਹੀਂ। ਸੱਸ ਦਾ ਪਿਆਰ ਮੈਨੂੰ ਮਿਲਿਆ ਹੀ ਨਹੀਂ। ਤੇ ਬੁਲ੍ਹ— ਬੁਲ੍ਹ ਤਾਂ ਮੇਰੇ ਭੈੜੇ ਮੋਟੇ ਮੋਟੇ ਹਬਸ਼ੀਆਂ ਵਰਗੇ ਨੇ। ਮੈਨੂੰ ਜਰਾ ਨੀ ਚੰਗੇ ਲੱਗਦੇ ਬੁਲ੍ਹ ਤਾਂ ਪਤਲੇ ਪਤਲੇ ਹੀ ਵਧੀਆਂ ਹੁੰਦੇ ਹਨ।"

"ਪਰ ਮੈਨੂੰ ਤਾਂ ਤੇਰੀਆਂ ਇਹ ਦੋਵੇਂ ਚੀਜ਼ਾਂ ਬਹੁਤ ਪਿਆਰੀਆਂ ਲਗਦੀਆਂ ਹਨ।"

"ਬੱਸ ਬੱਸ।" ਤੇ ਕਹਿੰਦੀ ਹੋਈ ਉਹ ਮੁਸਕਰਾਂਦੀ ਮੁਸਕਰਾਂਦੀ ਉਥੋਂ ਦੌੜ ਗਈ।

ਤਿੰਨ ਚਾਰ ਦਿਨਾਂ ਬਾਅਦ ਮੈਂ ਸਿੰਘਾਪੁਰ ਜਾਣਾ ਸੀ। ਇਹ ਚਾਰ ਦਿਨ ਮੈਂ ਘਰ ਹੀ ਰਿਹਾ। ਦੋ ਦਿਨ ਮੈਂ ਉਹਨੂੰ ਨਹੀਂ ਵੇਖਿਆ। ਦੋ ਦਿਨ ਉਹ ਸਾਡੇ ਘਰ ਨਾ ਆਈ। ਮੇਰੇ ਦਿਲ ਵਿਚ ਇਕ ਕਿਸਮ ਦੀ ਖੁਤਖੁਤੀ ਜਿਹੀ ਲੱਗੀ। ਮੈਂ ਕਈ ਵਾਰ ਘਰਵਾਲੀ ਤੋਂ ਅਣਜਾਣੇ ਜਿਹਾ ਮੂੰਹ ਬਣਾ ਕੇ ਸਵਿਤਾ ਬਾਰੇ ਪੁੱਛਿਆ। ਉਹਨੇ ਅਣਜਾਣੇ ਹੀ ਜੁਆਬ ਦਿੱਤਾ, "ਨਹੀਂ ਆਈ ਤਾ ਨਾ ਆਵੇ।"

ਪਰ ਦੋ ਦਿਨਾਂ ਮਗਰੋਂ ਜਦੋਂ ਮੈਂ ਲਾਅਨ ਵਿਚ ਕੁਰਸੀ ਡਾਹੀ ਫੱਗਣ ਮਾਹ ਦੀ ਕੋਸੀ ਕੋਸੀ ਧੁੱਪ ਵਿਚ ਅਖਬਾਰ ਪੜ੍ਹ ਰਿਹਾ ਸਾਂ ਤਾਂ ਨਿਆਂਚਕੇ ਦੇ ਖਿੜੇ ਫੁੱਲਾਂ ਦੀ ਖੁਸ਼ਬੋ ਵਾਂਗ ਉਹ ਆਈ। ਆਉਂਦਿਆਂ ਹੀ ਉਹ ਬੋਲੀ, "ਭਾਬੀ ਜੀ, ਕਿੱਥੇ ਹਨ?"

"ਉਹ ਹਸਪਤਾਲ ਗਏ ਹਨ— ਕੋਈ ਰਿਸ਼ਤੇਦਾਰ ਬੀਮਾਰ ਸੀ।"

"ਕੱਲੇ ਹੀ।"

"ਹਾਂ। ਆਓ ਬੈਠੋ।"

ਤੇ ਉਹ ਮੇਰੇ ਸਾਹਮਣੇ ਦੂਜੀ ਕੁਰਸੀ ਤੇ ਬੈਠ ਗਈ।

"ਲਓ ਫੋਟੋ।" ਤੇ ਉਹਨੇ ਫਰੇਮ ਵਿਚ ਜੜੀ ਹੋਈ ਫੋਟੋ ਮੇਰੇ ਸਾਹਮਣੇ ਰੱਖ ਦਿੱਤੀ।

"ਵਾਹ।" ਤੇ ਮੈਂ ਫੋਟੋ ਉਹਦੇ ਕੋਲੋਂ ਲੈ ਲਈ।

ਮੈਂ ਉਹਦੇ ਵੱਲ ਤੱਕਿਆ। ਉਹ ਫੋਟੋ ਵਾਂਗ ਹੀ ਮੇਰੇ ਵੱਲ ਤਕ ਕੇ ਮੰਦ ਮੰਦ ਮੁਸਕਰਾ ਰਹੀ ਸੀ। ਉਹਦੇ ਦੁੱਧ ਚਿੱਟੇ ਦੰਦਾਂ ਦੀ ਬੀੜ, ਉਹਦੇ ਖੁਲੇ ਵਾਤ੍ਹ ਚੋਂ ਸਾਰੀ ਦੀ ਸਾਰੀ ਚਮਕਾਂ ਮਾਰ ਰਹੀ ਸੀ। ਉਹ ਮੈਨੂੰ ਡਾਢੀ ਚੰਗੀ ਲੱਗੀ।

ਮੈਂ ਅੱਜ ਮੁੜ ਦੁਹਰਾਇਆ, "ਸਵਿਤਾ, ਤੇਰੇ ਦੰਦ ਤੇ ਤੇਰੇ ਬੁਲ੍ਹ- ਦੋਵੇਂ ਬੜੀਆਂ ਪਿਆਰੀਆਂ ਚੀਜ਼ਾਂ ਹਨ।"

"ਹੋਰ ਕੁਝ ਨਹੀਂ?"

"ਨਹੀਂ ਹੋਰ ਵੀ ਬੜਾ ਕੁਝ— ਪਰ ਮੈਨੂੰ ਇਹ ਦੋਵੇਂ ਬੜੇ ਪਿਆਰੇ ਲਗਦੇ ਹਨ।"

"ਤਾਂ ਲਓ ਬਾਬਾ—ਲਾਹ ਲਓ ਚਾਅ।" ਤੇ ਉਹਨੇ ਦੂਰੋਂ ਹੀ ਗਰਦਨ ਮੇਰੇ ਵੱਲ ਝੁਕਾ ਦਿੱਤੀ।

ਮੈਨੂੰ ਲੱਗਿਆ ਜਿਵੇਂ ਕਾਬੁਲ ਦੇ ਬਾਦਸ਼ਾਹਤ, ਕਿਸੇ ਬਾਗ ਵਿਚ ਲੱਗੇ ਹੋਏ ਦਰਖਤ ਨਾਲ ਪੱਕੇ ਹੋਏ ਫਲ ਦੇ ਡਿਗਣ ਵਾਂਗ ਅਚਾਨਕ ਬਾਬਰ ਦੀ ਝੋਲੀ ਵਿਚ ਆਣ ਪਈ ਸੀ, ਸਵਿਤਾ ਵੀ ਮੈਨੂੰ ਉਸੇ ਤਰ੍ਹਾਂ ਅਚਾਨਕ ਮਿਲ ਗਈ ਜਾਪੀ। ਮੈਂ ਉਹਨੂੰ ਮੋਢਿਆਂ ਤੋਂ ਫੜਕੇ ਆਪਣੇ ਵਲ ਖਿਚਿਆ।

ਪਰ ਉਹ ਇਕਦਮ ਕਿੰਨਾ ਸਾਰਾ ਪਿਛਾਂਹ ਹੁੰਦੀ ਬੋਲੀ, "ਨਾ ਨਾ-ਹੋਰ ਅੱਗੇ ਨਾ ਵਧਿਓ—ਮੈਂ ਇਹੋ ਜਿਹੀ ਕੁੜੀ ਨਹੀਂ।"

ਤੇ ਮੇਰੇ ਹੱਥ ਪੈਰ ਉਥੇ ਦੇ ਉਥੇ ਜੁੜ ਗਏ। ਮੇਰੇ ਤੋਂ ਹੋਰ ਅੱਗੇ ਨਾ ਹੋਇਆ ਗਿਆ।

ਉਹ ਆਪਣੀ ਥਾਂਵੇਂ ਸਿੱਧੀ ਹੋ ਕੇ ਖੜੋ ਗਈ।

ਮੈਂ ਉਹਦੇ ਵੱਲ ਤਕਿਆ· ਉਹਨੇ ਨੀਵੀਂ ਪਾ ਲਈ। ਉਹਨੇ ਮੁੜ ਆਖਿਆ, "ਮੈਂ ਇਹੋ ਜਿਹੀ ਕੁੜੀ ਨਹੀਂ। —ਮੈਨੂੰ ਇਹੋ ਜਿਹੀ ਨਾ ਸਮਝੋ।"

ਤੇ ਮੈਂ ਵੇਖਿਆ, ਉਹਦੀਆ ਪਲਕਾਂ ਵਿਚ ਅੱਥਰੂ ਡੱਕੇ ਹੋਏ ਸਨ ਗਲਾਂ ਵੀ ਰੁੰਦਿਆ ਹੋਇਆ ਸੀ।

"ਸਵਿਤਾ, ਤਾਂ...ਤਾਂ ਮੇਰੇ ਤੋਂ ਗਲਤੀ ਹੋ ਗਈ। ਮੁਆਫ ਕਰੀਂ।"

"ਮੈਂ ਤੁਹਾਨੂੰ...ਤੁਹਾਨੂੰ ਕੁਝ ਹੋਰ ਸਮਝਦੀ ਸਾਂ।"

"ਕੀ?" ਮੈਂ ਤਾਵਲਾ ਜਿਹਾ ਹੋ ਕੇ ਪੁੱਛਿਆ।

"ਮੇਰੇ ਚਾਚਾ ਜੀ ਦੀ ਮੁਹਾਂਦਰਾ ਬਿਲਕੁਲ ਤੁਹਾਡੇ ਵਰਗਾ ਸੀ।। ਉਹ ਪੱਗ ਵੀ ਤੁਹਾਡੇ ਵਾਂਗ ਬੰਨਦੇ ਸਨ। ਦਾੜ੍ਹੀ ਵੀ ਉਨ੍ਹਾਂ ਦੀ ਤੁਹਾਡੇ ਵਾਂਗ ਕੱਕੀ ਕੱਕੀ ਸੀ। ਲੰਮੇ ਝੰਮੇ ਵੀ ਉਹ ਤੁਹਾਡੇ ਵਰਗੇ ਸਨ। ਪਰ ਉਹ ਹੁਣ ਇਸ ਜਗ ਵਿਚ ਨਹੀਂ ਰਹੇ...।" ਤੇ ਕਹਿੰਦੀ ਹੋਈ ਉਹ ਫਿਸ ਪਈ।

ਤੇ ਅਗਲੇ ਪਲ ਮੈਂ ਉਹਨੂੰ ਵਰਾ ਰਿਹਾ ਸਾਂ ਅਤੇ ਉਹ ਮੇਰੇ ਅਲਿੰਗਣ ਵਿਚ ਜ਼ਮੀਨ ਆਸਮਾਨ ਜਿੰਨਾ ਫਰਕ ਸੀ

ਤੇ ਇਸ ਤੋਂ ਮਗਰੋਂ ਜਿਵੇਂ ਉਹ ਸਾਡੇ ਪਰਿਵਾਰ ਦਾ ਇਕ ਅੰਗ ਬਣ ਗਈ। ਉਹ ਸਾਡੇ ਘਰ ਨਿਸ਼ੰਗ ਆਉਂਦੀ, ਨਿਸ਼ੰਗ ਜਾਂਦੀ। ਕੋਈ ਚੀਜ਼ ਉਹਨੂੰ ਲੋੜ ਹੁੰਦੀ, ਆਪੇ ਚੁੱਕ ਕੇ ਲੈ ਜਾਂਦੀ। ਕੋਈ ਚੀਜ਼ ਉਹਨੂੰ ਚੰਗੀ ਲਗਦੀ ਉਹ ਵੀ ਲੈ ਜਾਂਦੀ। ਕਿਸੇ ਚੀਜ਼ ਨੂੰ, ਉਹਦਾ ਖਾਣ ਨੂੰ ਜੀਅ ਕਰਦਾ, ਰਸੋਈ ਵਿਚ ਜਾ ਵੜਦੀ। ਕਦੇ ਗੋਭੀ ਦੇ ਪਰੌਂਠੇ ਬਣਾਂਦੀ, ਕਦੇ ਆਲੂਆਂ ਦੇ। ਆਪ ਖਾਂਦੀ, ਸਾਨੂੰ ਵੀ ਖੁਆਂਦੀ। ਜਿਵੇਂ ਜੀਅ ਕਰਦਾ, ਉਹ ਕਰਦੀ। ਕੋਈ ਰੋਕ ਟੋਕ ਉਹਨੂੰ ਕਿਸੇ ਕਿਸਮ ਦੀ ਨਹੀਂ ਸੀ।

ਜੇ ਕਦੇ ਮੈਂ ਬੀਮਾਰ ਹੋ ਜਾਂਦਾ ਤੇ ਉਹ ਵੀਟ ਵੀਟ ਜਾਂਦੀ। ਮੇਰੇ ਅੱਗੇ ਪਿੱਛੇ ਭੱਜ ਮੇਰੇ ਸਾਹਮਣੇ ਹੀ ਬੈਠੀ ਰਹਿੰਦੀ। ਤੇ ਜੇ ਮੇਰੀ ਘਰਵਾਲੀ ਨੂੰ ਕੁਝ ਹੁੰਦਾ ਤਾਂ ਉਹ ਘਰ ਦਾ ਸਾਰਾ ਕੰਮ ਕਾਜ ਸਾਂਭ ਲੈਂਦੀ। ਰਸੋਈ ਦਾ ਕੰਮ, ਝਾੜ ਪੂੰਝ ਦਾ ਕੰਮ, ਬਾਰੀ ਬਹੁਕਰ, ਬਸ ਹਰ ਵੇਲੇ ਕੁਝ ਨਾ ਕੁਝ ਕਰਦੀ ਰਹਿੰਦੀ। ਸਾਨੂੰ ਜ਼ਰਾ ਔਖ ਨਾ ਮਹਿਸੂਸ ਹੋਣ ਦਿੰਦੀ। ਮੈਨੂੰ ਘਰ ਵਾਲੀ ਦਾ ਜ਼ਰਾ ਨਾ ਪਤਾ ਲਗਦਾ।

ਤੇ ਦਿਨ ਇਸ ਤਰ੍ਹਾਂ ਬੀਤਦੇ

ਗਏ ।

ਫੇਰ ਇਕ ਦਿਨ ਉਹਨੇ ਮੈਨੂੰ ਆਖਿਆ, "ਮੈਂ ਗੁੱਲੂ ਨੂੰ ਤੁਹਾਡੇ ਵਾਂਗ ਸਰਦਾਰ ਬਣਾਵਾਂਗੀ ।"

"ਕਿਹੜੇ ਗੁੱਲੂ ਨੂੰ !" ਮੈਂ ਅਨ-ਜਾਣਾ ਜਿਹਾ ਮੂੰਹ ਬਣਾ ਕੇ ਆਖਿਆ, ਭਾਵੇਂ ਮੈਨੂੰ ਸ੍ਰੀਮਤੀ ਜੀ ਨੇ ਸਵਿਤਾ ਦੇ ਗਰਭਵਤੀ ਹੋਣ ਬਾਰੇ ਦੱਸ ਦਿੱਤਾ ਸੀ ।

ਉਹ ਸ਼ਰਮਾ ਗਈ ।

"ਸੱਚ, ਤੁਹਾਨੂੰ ਨਹੀਂ ਪਤਾ ।" ਉਹਨੇ ਫੇਰ ਆਖਿਆ ।

ਮੈਂ ਹੱਸ ਪਿਆ ।

ਉਹ ਮੁਸਕਰਾਂਦੀ ਮੁਸਕਰਾਂਦੀ ਮੇਰੇ ਵੱਲ ਦੰਦ ਕੱਢਦੀ ਉਥੋਂ ਦੌੜ ਗਈ ।

ਤੇ ਫੇਰ ਇਕ ਦਿਨ ਗੁੱਲੂ ਇਸ ਸੰਸਾਰ ਵਿਚ ਆ ਗਿਆ । ਗੁੱਲੂ ਦੇ ਆਗਮਨ ਦਾ ਸਵਿਤਾ ਨੇ ਅਖੰਡ ਪਾਠ ਸੁੱਖਿਆ ਸੀ । ਗੁੱਲੂ ਜਦੋਂ ਸਾਲ ਕੁ ਦਾ ਹੋਇਆ ਤਾਂ ਉਹਨੇ ਆਪਣੇ ਘਰ ਅਖੰਡ ਪਾਠ ਰਖਵਾਇਆ । ਅਖੰਡ ਪਾਠ ਰਖਵਾ ਕੇ ਉਹ ਆਪਣੇ ਆਪ ਵਿਚ ਮਿਟਦੀ ਨਹੀਂ ਸੀ । ਕੀਰਤਨੀਏ ਸਿੰਘ ਉਹਨੇ ਚੋਟੀ ਦੇ ਮੰਗਵਾਏ ਸਨ । ਦਾਦਾ ਚੇਲਾ ਰਾਮ ਦੇ ਪੋਤਰੇ ਪੋਤਰੀਆਂ ਨੂੰ ਵੀ ਉਸ ਬੇਨਤੀ ਕੀਤੀ ਸੀ, ਪਰ ਉਹ ਮੰਨੇ ਨਹੀਂ ਸਨ । ਦਾਦਾ ਚੇਲਾ ਰਾਮ ਦੇ ਪੋਤਰੇ ਪੋਤਰੀਆਂ ਦੇ ਮੂੰਹੋਂ ਉਹ ਕੀਰਤਨ ਸੁਣਨ ਦੀ, ਸ਼ੈਦਾਈ ਸੀ । ਗੁਰਦੁਆਰਾ ਦੁਖ ਨਿਵਾਰਨ ਸਾਹਿਬ ਉਹ ਸਾਡੇ ਨਾਲ ਅੱਧੀ ਅੱਧੀ ਰਾਤ ਗਈ ਤਕ ਉਹਨਾਂ ਦਾ ਕੀਰਤਨ ਸੁਣਦੀ ਰਹਿੰਦੀ ਸੀ ।

ਤੇ ਗੁੱਲੂ ਹੁਣ ਤਿੰਨ ਸਾਲਾਂ ਦਾ ਹੋ ਗਿਆ ਸੀ ।

ਮੈਂ ਜਦੋਂ ਵੀ ਬਾਹਰੋਂ ਟੂਰ ਤੋਂ ਆਉਂਦਾ, ਸਵਿਤਾ ਉਡੀ ਉਡੀ ਸਭ ਤੋਂ ਪਹਿਲਾਂ ਸਾਡੇ ਘਰ ਆਉਂਦੀ । ਮੇਰੇ ਆਉਣ ਨਾਲ ਜਿਵੇਂ ਉਸ ਤੇ ਇਕ ਚੰਨ ਚੜ੍ਹ ਜਾਂਦਾ । ਉਹ ਆਪਣੇ ਆਪ ਵਿਚ ਮਿਉਂਦੀ ਨਾ । ਉਹ ਮੇਰੀਆਂ ਲਿਆਂਦੀਆਂ ਚੀਜ਼ਾਂ ਚੋਂ ਕਦੇ ਕੁਝ ਲੈਂਦੀ, ਕਦੇ ਕੁਝ । ਕਦੇ ਪੈਸੇ ਦੇ ਜਾਂਦੀ, ਮੈਂ ਲੈ ਲੈਂਦਾ । ਜੇ ਨਾ ਦੇਂਦੀ, ਮੈਂ ਗੌਲਦਾ ਹੀ ਨਾ । ਤੇ ਗੁੱਲੂ ਲਈ ਤਾਂ ਮੈਂ ਕੋਈ ਨਾ ਕੋਈ ਖਿਡਉਣਾ, ਕੋਈ ਨਾ ਕੋਈ ਉਪ-ਹਾਰ ਜ਼ਰੂਰ ਲੈ ਕੇ ਆਉਂਦਾ । ਗੁੱਲੂ ਜਿਵੇਂ ਸਾਡੇ ਦੋਵਾਂ ਘਰਾਂ ਦੀ ਜਿੰਦ ਜਾਨ ਸੀ । ਮੇਰੇ ਬੱਚੇ ਵੀ ਉਸਤੇ ਜੁੜਦੇ ਨਹੀਂ ਸਨ । ਉਹ ਬੜੀਆਂ ਪਿਆਰੀਆਂ ਪਿਆਰੀਆਂ ਤੇ ਤੋਤਲੀਆਂ ਤੋਤਲੀਆਂ ਗੱਲਾਂ ਕਰਦਾ । ਕਿੰਨਾ ਕਿੰਨਾ ਚਿਰ ਸਾਡੇ ਕਿਸੇ ਨਾ ਕਿਸੇ ਦੇ ਕੁਛੜ, ਕਿਸੇ ਨਾ ਕਿਸੇ ਦੇ ਕੰਧਾੜੇ ਚੜ੍ਹਿਆ ਰਹਿੰਦਾ ।

ਪਰ ਅੱਜ ਮੇਰੇ ਬਾਹਰੋਂ ਆਉਣ ਤੇ ਸਵਿਤਾ ਨਹੀਂ ਸੀ ਆਈ, ਨਾ ਹੀ ਗੁੱਲੂ । ਗਲੀ ਮੁਹੱਲੇ ਦੇ ਸਾਰੇ ਲੋਕ ਮੇਰੀ ਘਰਵਾਲੀ ਤੋਂ ਮੇਰੀਆਂ ਸਿੰਘਾਪੁਰ ਤੋਂ ਲਿਆਂਦੀਆਂ ਵੰਨ ਸੁਵੰਨੀਆਂ ਚੀਜ਼ਾਂ ਆਪਣੀ ਆਪਣੀ ਪਸੰਦ ਦੀਆਂ ਚਣ ਚੁਣ ਕੇ ਲੈ ਜਾ ਰਹੀਆਂ ਸਨ ਪਰ ਅੱਜ ਸਵਿਤਾ ਨਹੀਂ ਸੀ ਆਈ ਤੇ ਨਾ ਹੀ ਗੁੱਲੂ ।

ਮੈਂ ਘਰਵਾਲੀ ਨੂੰ ਸਵਿਤਾ ਅਤੇ ਗੁੱਲੂ ਨੇ ਬੁਲਾਉਣ ਬਾਰੇ ਪੁਛਿਆ ਤੇ ਜਦੋਂ ਮੈਨੂੰ ਉਸਨੇ ਉਹਨਾਂ ਦੇ ਨਾ ਆਉਣ ਬਾਰੇ ਦੱਸਿਆ ਤਾਂ ਮੇਰੇ ਦਿਲ ਨੂੰ ਡਾਢੀ ਚੋਟ ਲੱਗੀ ।

ਮੇਰੇ ਤੋਂ ਰਿਹਾ ਨਾ ਗਿਆ । ਮੈਂ ਆਪਣੇ ਛੋਟੇ ਬੇਟੇ ਸ਼ੈਲੀ ਨੂੰ ਬੁਲਾਇਆ ਤੇ ਕਿਹਾ ਕਿ ਉਹ ਗੁੱਲੂ ਨੂੰ ਲੈ ਆਵੇ ।

ਉਹ ਗੁੱਲੂ ਨੂੰ ਚੁੱਕ ਕੇ ਲੈ ਕੇ ਆਇਆ ।

ਗੁੱਲੂ ਮੇਰੇ ਸਾਹਮਣੇ ਸੀ । ਘੋਰ ਮੋਨ । ਸਹਿਮਿਆ ਸਹਿਮਿਆ ਤੇ ਡਰਿਆ ਡਰਿਆ ।

ਮੈਂ ਗੁੱਲੂ ਨੂੰ ਚੁੱਕ ਲਿਆ । ਲਾਡ ਪਿਆਰ ਕੀਤਾ ਤੇ ਆਖਿਆ, "ਗੁੱਲੂ, ਵੇਖ ਬੇਟਾ, ਮੈਂ ਤੇਰੇ ਲਈ ਕੇਡੇ ਸੁਹਣੇ ਸੁਹਣੇ, ਖਿਡਉਣੇ ਲਿਆਇਆ ਹਾਂ । ਇਹ ਬੈਂਡ ਵਾਜਾ, ਇਹ ਮੋਟਰ, ਇਹ ਜਹਾਜ਼, ਦੱਸ ਤੂੰ ਕੀ ਲਵੇਂਗਾ ।"

"ਅੰਕਲ, ਮੈਂ ਖਿਡੌਣੇ ਨਹੀਂ ਲੈਣੇ ।

"ਕਿਉਂ ਪੁੱਤਰ, ਕਿਉਂ ?"

"ਸ਼ਾਮੋ ਆਂਟੀ ਆਖਦੀ ਸੀ ਫਲਦਾਲਾਂ ਕੋਲ ਬੰਬ ਹੁੰਦੇ ਐ ।"

"ਬੰਬ ।" ਸੁਣ ਕੇ ਮੈਂ ਚਕ੍ਰਿਤ ਰਹਿ ਗਿਆ । ਮੇਰੇ ਪੈਰਾਂ ਹੇਠੋਂ ਜ਼ਮੀਨ ਨਿਕਲ ਗਈ । ਨਿੱਕਾ ਜਿਹਾ ਮਾਸੂਮ ਜਿਉੜਾ ਕਿਹੜੇ ਭੁਲੇਖੇ ਦਾ ਸ਼ਿਕਾਰ ਹੋ ਗਿਆ ਸੀ ।

"ਨਹੀਂ ਪੁੱਤਰ ਨਹੀਂ, ਸਰਦਾਰਾਂ ਕੋਲ ਕੋਈ ਬੰਬ ਨਹੀਂ ਹੁੰਦਾ । ਮੈਂ ਆਖਿਆ ।

"ਨਹੀਂ, ਸ਼ਾਮੋ ਆਂਟੀ ਆਖਦੀ ਸੀ ਫਲਦਾਲ ਪੱਗਾਂ 'ਚ ਬੰਬ ਰੱਖਦੇ ਐ ।"

"ਨਹੀਂ ਨਹੀਂ ਪੁੱਤਰ, ਸਾਰੇ ਸਰਦਾਰ ਪੱਗਾਂ ਵਿਚ ਬੰਬ ਨਹੀਂ ਰੱਖਦੇ । ਇਹ ਬੰਬ ਰਖਣ ਵਾਲੇ ਮੁਠੀ ਭਰ ਲੋਕ ਹਨ । ਇਹਨਾਂ ਨੂੰ ਸਿਖ ਕਹਿਣਾ ਵੀ ਗਲਤ ਹੈ ।" ਤੇ ਮੈਂ ਉਸ ਵੇਲੇ ਆਪਣੇ ਸਿਰ ਤੋਂ ਮਾਵਾ ਲੱਗੀ ਟੋਕਰੇ ਦਾ ਟੋਕਰਾ ਪੱਗ ਲਾਹ ਕੇ ਹੱਥਾਂ ਵਿਚ ਫੜਦਿਆਂ, ਉਹਦੇ ਸਾਹਮਣੇ ਕਰ ਦਿੱਤੀ ।




# NON-SMOKERS & SMOKERS

## TOGETHER WE ARE STRONGER

## NORTH AMERICAN LIFE

**Permanent & Terms Plan**



SUDESH KALIA

- Life and Group Insurance
- Retirement & Pension Plans
- Company Pension and Health Benefit Plans
- Estate Protection
- Business & Mortgage Insurance

Ste. 320,
815 W. Hastings,
Vancouver, B.C. V6C 2W1

**Ph. 685-9335**

# ਆਜ਼ਾਦ ਵਪਾਰ (Free trade) ਦਾ ਭਿਆਂਕਰ ਦੈਂਤ

'ਸੂਫ਼ੀ' ਅਮਰਜੀਤ

ਅਸੀਂ ਪਿਛਲੇ ਕੁਝ ਸਮੇਂ ਵਿਚ "ਆਜ਼ਾਦ-ਵਪਾਰ" ਦੀ ਚਰਚਾ ਰੇਡੀਓ, ਟੀ. ਵੀ. ਅਤੇ ਅਖਬਾਰਾਂ ਦੁਆਰਾ ਸੁਣ ਪੜ੍ਹ ਰਹੇ ਹਾਂ। ਆਮ ਲੋਕਾਂ ਉਪਰ ਇਸ ਬਾਰੇ ਇਹ ਪ੍ਰਭਾਵ ਪੈਦਾ ਕੀਤਾ ਜਾ ਰਿਹਾ ਹੈ ਕਿ ਕੈਨੇਡਾ ਦਾ ਅਮਰੀਕਾ ਦਾ ਨਾਲ ਆਜ਼ਾਦ-ਵਪਾਰ ਹੋਣ ਨਾਲ ਕੈਨੇਡਾ ਦੇ ਸਾਰੇ ਦੁੱਖ ਟੁੱਟ ਜਾਣਗੇ। ਉਹ ਕਹਿ ਰਹੇ ਹਨ ਇਸ ਤਰ੍ਹਾਂ ਨਾਲ ਸਰਕਾਰ ਦਾ ਘਾਟੇ ਦਾ ਬਜਟ ਪੂਰਾ ਹੋ ਜਾਵੇਗਾ, ਫੈਕਟਰੀਆਂ, ਮਿਲਾਂ ਦਿਨ ਰਾਤ ਚੱਲ ਪੈਣਗੀਆਂ, ਜਿਸ ਨਾਲ ਕੰਮ ਆਮ ਮਿਲ ਜਾਣਗੇ ਅਤੇ ਲੋਕਾਂ ਦੇ ਜੀਵਨ ਵਿਚ ਖੇੜਾ ਆ ਜਾਵੇਗਾ। ਪ੍ਰੰਤੂ ਅਸਲੀਅਤ ਇਹ ਨਹੀਂ ਹੈ। ਸਗੋਂ ਇਹ ਤਾਂ ਸਿਰਫ ਬਲੀ ਚਾੜ੍ਹਨ ਤੋਂ ਪਹਿਲਾਂ ਕੀਤਾ ਸ਼ਿੰਗਾਰ ਹੀ ਹੈ।

ਕੈਨੇਡਾ ਦੀ ਕਮਿਊਨਿਸਟ ਪਾਰਟੀ ਦੇ ਬੀ. ਸੀ. ਦੇ ਆਗੂ ਸਾਥੀ ਮੌਰਸ ਰਸ਼ ਨੇ ਪਾਰਟੀ ਦੀ 26ਵੀਂ ਕਨਵੈਨਸ਼ਨ ਦੀ ਰਾਜਨੀਤਕ ਰਿਪੋਰਟ ਵਿਚ ਦਰੁਸਤ ਕਿਹਾ ਹੈ : **ਆਜ਼ਾਦ-ਵਪਾਰ ਬੀ. ਸੀ. ਦੀ ਆਰਥਕਤਾ ਅਤੇ ਲੋਕਾਂ ਦੀ ਤਬਾਹੀ ਵੱਲ ਜਾਂਦੀ ਜਰਨੈਲੀ ਸੜਕ ਹੈ।** ਉਨ੍ਹਾਂ ਆਪਣੀ ਰਿਪੋਰਟ ਵਿਚ ਮਿਸਾਲ ਦਿੰਦਿਆਂ ਕਿਹਾ ਕਿ ਅਸੀਂ ਲੱਕੜੀ ਦੇ ਵਪਾਰ ਵਿਚ ਪਹਿਲਾਂ ਹੀ ਅਮਰੀਕਾ ਨਾਲ ਆਜ਼ਾਦ-ਵਪਾਰ ਕਰ ਰਹੇ ਹਾਂ। ਇਸ ਦੇ ਬੀ. ਸੀ. ਦੀ ਲੱਕੜ ਇੰਡਸਟਰੀ ਉਪਰ ਪਏ ਪ੍ਰਭਾਵ ਨੂੰ ਦੇਖ ਸਕਦੇ ਹਾਂ ਕਿ ਹਜ਼ਾਰਾਂ ਦੀ ਗਿਣਤੀ ਵਿਚ ਲੱਕੜੀ ਮਿਲਾਂ ਦੇ ਕਾਮੇ ਪੱਕੇ ਤੌਰ ਉਪਰ ਬੇਰੁਜ਼ਗਾਰੀ ਦੀ ਖੱਡ ਵਿਚ ਸੁੱਟੇ ਜਾ ਚੁੱਕੇ ਹਨ। ਕੀ ਦੂਜੇ ਖੇਤਰਾਂ ਦੀ ਇੰਡਸਟਰੀ ਉਪਰ ਇਸ ਦਾ ਕੋਈ ਚੰਗਾ ਪ੍ਰਭਾਵ ਪਵੇਗਾ ? ਬਿਲਕੁਲ ਨਹੀਂ। ਸਾਡੀ ਪੰਜਾਬੀ ਦੀ ਇਕ ਮਸ਼ਹੂਰ ਕਹਾਵਤ ਹੈ : ਤਕੜੇ ਦਾ ਸੱਤੀਂ ਵੀਹੀਂ ਸੌ। ਇਸ ਅਨੁਸਾਰ ਕੈਨੇਡਾ, ਅਮਰੀਕਾ ਦੇ ਮੁਕਾਬਲੇ ਘੱਟ ਉਨਤ ਦੇਸ਼ ਹੈ, ਸਗੋਂ ਇਸ ਦੀ 78 ਫੀ ਸਦੀ ਆਰਥਕਤਾ ਬੁਰੀ ਤਰ੍ਹਾਂ ਅਮਰੀਕਨ ਕਾਰਪੋਰੇਸ਼ਨਾਂ ਦੇ ਹੱਥ ਵਿਚ ਹੈ। ਇਸ ਤੋਂ ਬਿਨਾਂ ਕੈਨੇਡਾ ਅਮਰੀਕਾ ਲਈ ਲਾਹੇਵੰਦੀ ਕੱਚੇ ਮਾਲ ਦੀ ਮੰਡੀ ਦਾ ਹੀ ਕੰਮ ਦੇਵੇਗਾ। ਇਹ ਕੱਚਾ ਮਾਲ ਅਮਰੀਕੀ ਸਨਅਤ ਲਈ ਅਤੇ ਉਨ੍ਹਾਂ ਦੇ ਮੁਨਾਫਿਆਂ ਲਈ ਇਕ ਅੰਬਰੋਂ ਡਿੱਗੀ ਨਿਆਮਤ ਹੋਵੇਗੀ। ਅਮਰੀਕਾ ਆਪਣੇ ਮਿਲਟਰੀ ਅਤੇ ਆਰਥਕਤਾ ਦੇ ਜ਼ੋਰ ਜਦੋਂ ਚਾਹੇ ਇਸ ਵਿਚ ਤਬਦੀਲੀ ਕਰ ਲਿਆ ਕਰੇਗਾ, ਜਿਵੇਂ ਆਜ਼ਾਦ-ਵਪਾਰ ਦੀ ਗੱਲਬਾਤ ਸ਼ੁਰੂ ਹੋਣ ਉਪਰ ਹੀ ਉਸਨੇ ਬੀ. ਸੀ. ਦੇ ਸ਼ੇਕ-ਸ਼ਿੰਗਲ ਇੰਡਸਟਰੀ ਦਾ 35 ਫੀਸਦੀ ਚੁੰਗੀ ਟੈਕਸ ਲਾ ਕੇ ਧੂੰਆਂ ਕੱਢ ਦਿਤਾ ਹੈ।

ਕੈਨੇਡਾ ਦੀ ਟੋਰੀ ਸਰਕਾਰ ਅਤੇ ਬੀ. ਸੀ. ਦੀ ਸੋਕਰਡ ਸਰਕਾਰ ਕੈਨੇਡੀਅਨ ਲੋਕਾਂ ਦੇ ਹਿੱਤਾਂ ਵਿਚ ਚੱਲਣ ਦੇ ਥਾਵੇਂ ਅਮਰੀਕੀ ਕਾਰਪੋਰੇਸ਼ਨਾਂ ਦੇ ਇਸ਼ਾਰਿਆਂ ਉਪਰ ਨੱਚਦਿਆਂ ਅਤੇ ਕੈਨੇਡੀਅਨ ਕਾਰਪੋਰੇਸ਼ਨਾਂ ਅਤੇ ਬੈਂਕਾਂ ਦੇ ਮੁਨਾਫਿਆਂ ਲਈ ਕੈਨੇਡਾ ਦੀ ਕੌਮੀ ਆਜ਼ਾਦੀ ਦਾ ਖਲਵਾੜ ਕਰਨ ਉਪਰ ਤੁਲੇ ਹੋਏ ਹਨ।

ਕੈਨੇਡਾ ਦੇ ਅਖਬਾਰ, ਰੇਡੀਓ, ਟੀ. ਵੀ. ਆਦਿ ਇਨ੍ਹਾਂ ਧਨ ਕੁਬੇਰਾਂ ਦੇ ਹੀ ਕੰਟਰੋਲ ਵਿਚ ਹਨ ਜੋ ਕਿ ਸਾਨੂੰ ਆਜ਼ਾਦ ਵਪਾਰ ਸਬੰਧੀ ਪੂਰੀ ਜਾਣਕਾਰੀ ਨਹੀਂ ਦੇ ਰਹੇ। ਭਾਵੇਂ ਕਿ ਅਪ੍ਰੈਲ ਦੇ ਅੰਤ ਵਿਚ ਟਰਾਂਟੋ ਵਿਖੇ ਹੋਈ ਕੈਨੇਡੀਅਨ ਲੇਬਰ ਕਾਂਗਰਸ ਵਿਚ ਆਜ਼ਾਦ ਵਪਾਰ ਦੇ ਬਾਰੇ ਕਾਫੀ ਚਰਚਾ ਹੋਈ ਪ੍ਰੰਤੂ ਜਿਨਾਂ ਚਿਰ ਇਹ ਚਰਚਾ ਆਮ ਲੋਕਾਂ ਦੀ ਸਮਝ ਦਾ ਹਿਸਾ ਨਹੀਂ ਬਣਦੀ ਅਤੇ ਆਮ ਲੋਕ ਇਸ ਦੇ ਵਿਰੁੱਧ ਖੜੇ ਨਹੀਂ ਕੀਤੇ ਜਾ ਸਕਦੇ। ਓਨੀ ਦੇਰ ਇਹ ਸਿਰਫ ਕੁਝ ਬੰਦਿਆਂ ਤੱਕ ਸੀਮਤ ਹੀ ਰਹਿ ਜਾਵੇਗੀ।

ਅਸੀਂ ਆਜ਼ਾਦ-ਵਪਾਰ ਦਾ ਇਸ ਲਈ ਵਿਰੋਧ ਕਰਦੇ ਹਾਂ ਕਿ ਇਹ ਸਾਡੇ ਕੈਨੇਡੀਅਨ ਲੋਕਾਂ ਦੇ ਸਮਾਜੀ, ਰਾਜਸੀ, ਆਰਥਕ ਅਤੇ ਸਭਿਆਚਾਰਕ ਜੀਵਨ ਉਪਰ ਮਾਰੂ ਪ੍ਰਭਾਵ ਪਾਵੇਗਾ। ਭਾਵੇਂ ਹਾਲ ਦੀ ਘੜੀ ਅਸੀਂ ਇਸ ਦੇ ਸਾਰੇ ਮਾਰੂ ਅਸਰਾਂ ਨੂੰ ਦੇਖ ਨਹੀਂ ਸਕਦੇ ਫਿਰ ਵੀ ਕੁਝ ਮੋਟੇ ਮੋਟੇ ਜੋ ਧਿਆਨ ਵਿਚ ਆਉਂਦੇ ਹਨ, ਉਨ੍ਹਾਂ ਤੇ ਅਸੀਂ ਸੰਖੇਪ ਵਿਚ ਹੇਠਾਂ ਵਿਚਾਰ ਕਰਦੇ ਹਾਂ।

1. ਸਭ ਤੋਂ ਪਹਿਲਾ ਪ੍ਰਭਾਵ ਕੈਨੇਡਾ ਦੀ ਰਾਜਨੀਤਕ ਆਜ਼ਾਦੀ ਉਪਰ ਪਵੇਗਾ। ਕਿਸੇ ਵੀ ਰਾਜਨੀਤੀ ਨੂੰ ਆਰਥਕਤਾ ਤੋਂ ਵੱਖ ਨਹੀਂ ਕੀਤਾ ਜਾ ਸਕਦਾ, ਸਗੋਂ ਕੋਈ ਰਾਜਨੀਤੀ ਆਰਥਕ ਨੀਤੀਆਂ ਦਾ ਹੀ ਪਰਤੌ ਹੁੰਦਾ ਹੈ। ਜਦੋਂ ਕੈਨੇਡੀਅਨ ਆਰਥਕਤਾ ਮੁਕੰਮਲ ਤੌਰ ਉਪਰ ਅਮਰੀਕਾ ਦੀਆਂ ਬਹੁ ਕੌਮੀ ਕਾਰਪੋਰੇਸ਼ਨਾਂ ਦੇ ਕੰਟਰੋਲ ਵਿਚ ਚਲੀ ਜਾਵੇਗੀ। ਉਹ ਇਥੇ ਬਾਰੇ ਨੀਤੀਆਂ ਤਹਿ ਕਰਨ ਵਿਚ ਸੁਤੰਤਰ ਹੋਣਗੇ ਤਾਂ ਰਾਜਨੀਤਕ ਆਜ਼ਾਦੀ ਦਾ ਭੋਗ ਉਦੋਂ ਹੀ ਪੈ ਜਾਵੇਗਾ।

2. ਜਦੋਂ ਰਾਜਨੀਤਕ ਸੁਤੰਤਰਤਾ ਅਮਰੀਕਾ ਦੇ ਹੱਥਾਂ ਵਿਚ ਚਲੀ ਜਾਵੇਗੀ ਤਾਂ ਕੈਨੇਡਾ ਦੀ ਵੱਖਰੀ ਰਾਜਨੀਤਕ ਪਛਾਣ ਮੁੱਕ ਜਾਵੇਗੀ। ਸਗੋਂ ਇਕ ਕਲੋਨੀ ਬਣ ਜਾਵੇਗਾ। ਜਾਂ ਜਿਵੇਂ ਕਿ ਆਜ਼ਾਦ-ਵਪਾਰ ਦੇ ਵਿਰੋਧੀ ਸੱਚ ਕਹਿ ਰਹੇ ਹਨ ਅਮਰੀਕਾ ਦੀ ਇਹ 51ਵੀਂ ਸਟੇਟ ਬਣਕੇ ਹੀ ਰਹਿ ਜਾਵੇਗਾ।

3. ਭਾਵੇਂ ਕਿ ਹੁਣ ਵੀ ਇਕ ਸਰਮਾਏਦਾਰ ਦੇਸ਼ ਹੋਣ ਦੇ ਨਾਤੇ ਕੈਨੇਡਾ ਫਰੀ-ਇੰਟਰਪਰਾਈਜ਼ ਦਾ ਦਾਅਵੇਦਾਰ ਹੈ ਫਿਰ ਵੀ ਪਬਲਿਕ ਖੇਤਰ ਦੀਆਂ ਕੁਝ ਵੱਡੀਆਂ ਕਾਰਪੋਰੇਸ਼ਨਾਂ ਜਿਵੇਂ ਸੀ. ਐਨ. ਆਰ., ਏਅਰ ਕੈਨੇਡਾ, ਸੀ. ਬੀ. ਸੀ., ਪੈਟਰੋ ਕੈਨੇਡਾ, ਪੋਸਟ ਆਫਿਸ ਆਦਿ ਨੂੰ ਖਤਮ ਕਰ ਦਿਤਾ ਜਾਵੇਗਾ, ਜਿਵੇਂ ਕਿ ਹੁਣ ਦੀ ਟੋਰੀ ਸਰਕਾਰ ਇਸ ਪਾਸੇ ਵੱਲ ਤੇਜ਼ੀ ਨਾਲ ਵਧ ਰਹੀ ਹੈ। ਇਸ ਤਰ੍ਹਾਂ ਬਹੁ ਕੌਮੀ ਕਾਰਪੋਰੇਸ਼ਨਾਂ ਉਪਰ ਸਾਰੀ ਆਰਥਕਤਾ ਨਿਰਭਰ ਹੋ ਜਾਵੇਗੀ। ਕਿਉਂ ਜੋ ਉਹ ਇਨ੍ਹਾਂ ਮਹੱਤਵਪੂਰਨ ਪਬਲਿਕ ਖੇਤਰ ਦੀਆਂ ਕਾਰਪੋਰੇਸ਼ਨਾਂ ਨੂੰ ਖਰੀਦ ਲੈਣਗੀਆਂ।


SADURAH JEWELLERS

ਹਰ ਤਰ੍ਹਾਂ ਦੇ ਭਾਰਤੀ, ਇੰਗਲੈਂਡ ਤੇ ਹੋਰ ਨਵੇਂ ਨਵੇਂ ਡੀਜ਼ਾਈਨਾਂ ਵਿਚ ਗਹਿਣੇ ਬਣਵਾਉਣ ਲਈ ਅੱਜ ਹੀ ਪੁੱਜੋ!

• ਕੀਮਤਾਂ ਵਾਜ਼ਬ • ਕੰਮ ਵਧੀਆ

• WE ARE SPECIALIST IN PUNJABI, HINDUSTANI & CANADIAN JEWELLERY IN 10, 14, 18, 22 & 24 KARROTS GOLD. • WE DO RENTAL REPAIR & ENGRAVING.

ਨਗੀਨੇ ਅਤੇ ਮੀਨਾਕਾਰੀ ਦਾ ਹਰ ਤਰ੍ਹਾਂ ਦਾ ਕੰਮ ਕੀਤਾ ਜਾਂਦਾ ਹੈ • ਸੋਨੇ ਦੀ ਕਾਟ ਬਹੁਤ ਹੀ ਵਾਜਬ ਲਈ ਜਾਂਦੀ ਹੈ

ਅਸੀਂ ਪੁਰਾਣਾ ਸੋਨਾ ਵੀ ਖਰੀਦਦੇ ਹਾਂ • ਹਰ ਤਰ੍ਹਾਂ ਦੇ ਰਾਸ਼ੀ ਸਟੋਨ ਸਾਡੇ ਕੋਲੋਂ ਖਰੀਦੋ - ਹੋਰ ਜਾਣਕਾਰੀ ਲਈ ਫੋਨ ਕਰੋ

PH. 327-5155 - Bhagwant Singh Sadurah & Sons

5087 VICTORIA DR. (35th. Ave.) VANCOUVER, B.C.



ਭਗਵੰਤ ਸਿੰਘ ਸਦਿਓੜਾ

ਜਿਹਨਾਂ ਦਾ 37 ਸਾਲਾਂ ਦਾ ਤਜਰਬਾ ਹੈ

4. ਜਦੋਂ ਦੋਵਾਂ ਦੇਸ਼ਾਂ ਦੀਆਂ ਕਾਰਪੋਰੇਸ਼ਨਾਂ ਮਾਰਕੀਟ ਵਿਚ ਮੁਕਾਬਲੇ ਬਾਜ਼ੀ ਵਿਚ ਪੈਣਗੀਆਂ ਤਾਂ ਉਹ ਇਕ ਦੂਜੀ ਨੂੰ ਮਾਰਕੀਟ ਵਿਚੋਂ ਕੱਢਣ ਲਈ ਅਤੇ ਮੁਨਾਫਿਆਂ ਨੂੰ ਕਾਇਮ ਰੱਖਣ ਲਈ ਵਰਕਰਾਂ ਉਪਰ ਜ਼ੋਰ ਪਾਉਣਗੀਆਂ ਕਿ ਉਹ ਤਨਖਾਹਾਂ ਵਿਚ ਕਟੌਤੀ ਕਰਨ ਜਿਵੇਂ ਕਿ ਹੁਣ ਤੋਂ ਹੀ ਇਸ ਪਾਸੇ ਵੱਲ ਉਸਾਰੀ ਕਾਰਪੋਰੇਸ਼ਨਾਂ ਅਤੇ ਕਈ ਵੱਡੀਆਂ ਵਪਾਰਕ ਕੰਪਨੀਆਂ ਦਬਾਓ ਪਾ ਰਹੀਆਂ ਹਨ। ਜਿਥੇ ਕਟੌਤੀ ਨਾ ਵੀ ਹੋਵੇਗੀ ਉਥੇ ਤਨਖਾਹ ਵਿਚ ਵਾਧੇ ਉਪਰ ਪਾਬੰਧੀ ਲਾਉਣ ਲਈ ਦੋ ਜਾਂ ਤਿੰਨ ਸਾਲਾਂ ਦੇ ਯੂਨੀਅਨਾਂ ਨਾਲ ਕੰਟਰੈਕਟ ਕਰਨ ਉਪਰ ਜ਼ੋਰ ਪਾਇਆ ਜਾਵੇਗਾ ਜਿਵੇਂ ਬਰਿਜ਼ ਬਿਲਡਿੰਗ ਦੀ ਕੈਨਰੋਨ ਕੰਪਨੀ ਨੇ ਕੀਤਾ ਹੈ।

5. ਮੁਨਾਫਿਆਂ ਅਤੇ ਮੁਕਾਬਲੇ ਦੇ ਵਿਚ ਰਹਿਣ ਲਈ ਹੀ ਕਾਰਪੋਰੇਸ਼ਨਾਂ ਸਰਕਾਰਾਂ ਉਪਰ ਜ਼ੋਰ ਪਾਉਣਗੀਆਂ ਕਿ ਉਨ੍ਹਾਂ ਨੂੰ ਟੈਕਸਾਂ ਵਿਚੋਂ ਛੋਟ ਦਿਤੀ ਜਾਵੇ। ਜਿਸ ਦਾ ਸਿੱਧਾ ਅਸਰ ਆਮ ਲੋਕਾਂ ਉਪਰ ਹੋਵੇਗਾ ਅਤੇ ਹੋਰ ਟੈਕਸ ਲੱਗਣਗੇ ਅਤੇ ਉਨ੍ਹਾਂ ਨੂੰ ਪ੍ਰਾਪਤ ਸਰਕਾਰੀ ਸਹੂਲਤਾਂ ਵਿਚ ਕਟੌਤੀ ਹੋਵੇਗੀ। ਜਿਵੇਂ ਫਰੇਜ਼ਰ ਵੈਲੀ ਅਤੇ ਵੈਨਕੂਵਰ ਦੇ ਲੋਕਾਂ ਦੇ ਬੇਰੁਜ਼ਗਾਰੀ ਬਾਰੇ ਭੱਤੇ ਲੈਣ ਲਈ ਹਰ ਸਾਲ 10 ਦੀ ਥਾਵੇਂ 16 ਹਫਤੇ ਕੰਮ ਕਰਨਾ ਜ਼ਰੂਰੀ ਕਰ ਦਿਤਾ ਗਿਆ। ਇਕ ਸਮਾਂ ਆ ਸਕਦਾ ਹੈ ਕਿ ਬੇਰੁਜ਼ਗਾਰੀ ਭੱਤਾ ਉਕਾ ਹੀ ਬੰਦ ਕਰ ਦਿਤਾ ਜਾਵੇ।

6. ਕੈਨੇਡਾ ਦੀ ਆਪਣੀ ਸਭਿਆਚਾਰਕ ਦਿੱਖ ਉਪਰ ਭਾਰੀ ਸੱਟ ਵੱਜੇਗੀ। ਵੈਸੇ ਤਾਂ ਉਸ ਤਰ੍ਹਾਂ ਵੀ ਕੈਨੇਡੀਅਨ ਸਭਿਆਚਾਰ ਨੂੰ ਪੇਅ- ਟੀ. ਵੀ. ਦੇ ਚੈਨਲਾਂ ਰਾਹੀਂ ਅਤੇ ਅਮਰੀਕਨ ਡਾਂਸ ਤੇ ਗੀਤ ਗਰੁਪਾਂ ਰਾਹੀਂ ਪ੍ਰਭਾਵਤ ਕੀਤਾ ਜਾ ਰਿਹਾ ਹੈ। ਪ੍ਰੰਤੂ ਫਿਰ ਤਾਂ ਇਸ ਦੀ ਵੱਖਰੀ ਪਛਾਣ ਖਤਮ ਹੋ ਜਾਵੇਗੀ ਸਗੋਂ ਲਚਰ ਲਿਟਰੇਚਰ ਅਤੇ ਫਿਲਮਾਂ ਕੈਨੇਡੀਅਨ ਲੋਕਾਂ ਦੇ ਸਭਿਆਚਾਰਕ ਜੀਵਨ ਨੂੰ ਬੁਰੀ ਤਰ੍ਹਾਂ ਦੂਸ਼ਤ ਕਰਨਗੀਆਂ। ਭਾਵੇਂ ਟੋਰੀ ਸਰਕਾਰ ਕਹਿ ਰਹੀ ਹੈ ਇਉਂ ਨਹੀਂ ਹੋਵੇਗਾ, ਪ੍ਰੰਤੂ ਜਦੋਂ ਅਮਰੀਕੀ ਆਵਾਜਾਈ ਦਾ ਬੂਹਾ ਹੀ ਖੁੱਲ੍ਹ ਜਾਵੇਗਾ ਤਾਂ ਇਹ ਪੱਖ ਕਿਵੇਂ ਵੀ ਬਚਾਇਆ ਨਹੀਂ ਜਾ ਸਕੇਗਾ।

7. ਕੈਨੇਡਾ ਦੀ ਖੇਤੀਬਾੜੀ ਉਪਰ ਇਸ ਦਾ ਬੜਾ ਪ੍ਰਭਾਵ ਪਵੇਗਾ, ਪਹਿਲਾਂ ਹੀ ਇੰਨੇ ਮੰਦਵਾੜੇ ਵਿਚ ਹਜ਼ਾਰਾਂ ਛੋਟੇ ਕਿਸਾਨਾਂ ਦੇ ਦਿਵਾਲੇ ਨਿਕਲ ਰਹੇ ਹਨ। ਫਿਰ ਅਮਰੀਕਨ ਖੇਤੀ ਉਪਜਾਂ ਦਾ ਮੁਕਾਬਲਾ ਕਰਨਾ ਕੈਨੇਡਾ ਦੇ ਕਿਸਾਨਾਂ ਦੇ ਬਸ ਦਾ ਰੋਗ ਨਹੀਂ ਰਹੇਗਾ। ਇਸ ਦਾ ਮਾਰੂ ਅਸਰ ਕਣਕ, ਜੌਂ, ਸਰੋਂ ਆਦਿ ਉਪਜਾਂ ਉਪਰ ਵੀ ਪਵੇਗਾ। ਇਸ ਨਾਲ ਫਾਰਮਾਂ ਵਿਚ ਕੰਮ ਕਰਨ ਵਾਲੇ ਵਰਕਰਾਂ ਦੇ ਇਸ ਔਖੇ ਵੇਲੇ ਦੇ ਥੋੜੀ ਆਮਦਨ ਵਾਲੇ ਕੰਮਾਂ ਤੋਂ ਵੀ ਹੱਥ ਧੋਣਾ ਪੈ ਜਾਵੇਗਾ। ਸਾਡੀ ਭਾਰਤੀ ਕਮਿਊਨਿਟੀ ਦਾ ਕਾਫੀ ਵੱਡਾ ਹਿੱਸਾ ਫਾਰਮਾਂ ਦੇ ਸਿਰ ਤੇ ਹੀ ਗੁਜ਼ਾਰਾ ਕਰ ਰਿਹਾ ਹੈ। ਖੇਤੀਬਾੜੀ ਜਿੰਨਾ ਹੀ ਮਹੱਤਵਪੂਰਨ ਖੇਤਰ ਮੱਛੀ ਸਨਅਤ ਦਾ ਹੈ। ਉਹ ਪਹਿਲਾਂ ਹੀ ਅਮਰੀਕੀ ਹਮਲੇ ਦੇ ਹੇਠ ਹੈ।

8. ਬੇਰੁਜ਼ਗਾਰੀ ਜੀਵਨ ਦੇ ਸਾਰੇ ਖੇਤਰਾਂ ਵਿਚ ਹੀ ਵਧੇਗੀ। ਇਸ ਕਾਰਨ ਸਮਾਜ ਦਾ ਇਕ ਵੱਡਾ ਹਿੱਸਾ ਨਰਾਸ਼ ਹੋਇਆ, ਜੀਵਨ ਗੁਜ਼ਾਰੇ ਲਈ ਗੈਰ-ਸਮਾਜੀ ਢੰਗ ਅਪਨਾਉਣ ਵੱਲ ਤੁਰੇਗਾ। ਜਿਸ ਨਾਲ ਚੋਰੀਆਂ, ਡਾਕੇ, ਲੜਾਈਆਂ ਤੇ ਕਤਲਾਂ ਵਿਚ ਬਹੁਤਾਤ ਆਵੇਗੀ। ਜੀਵਨ ਪ੍ਰਤੀ ਇਸ ਤਰ੍ਹਾਂ ਦੇ ਲੋਕਾਂ ਦਾ ਨਾ-ਪੱਖੀ ਵਤੀਰਾ ਸਮਾਜੀ ਵਿਕਾਸ ਵਿਚ ਅੜਚਨਾਂ ਪੈਦਾ ਕਰੇਗਾ।

9. ਪਰਵਾਰਕ ਜੀਵਨ ਉਪਰ ਵੀ ਇਸ ਦਾ ਮਾਰੂ ਅਸਰ ਪਵੇਗਾ। ਜਦੋਂ ਬੇਰੁਜ਼ਗਾਰੀ ਦੀ ਹਾਲਤ ਹੋਵੇਗੀ ਤਾਂ ਤਲਾਕਾਂ ਦੀ ਗਿਣਤੀ ਵਿਚ ਵਾਧਾ ਹੋਵੇਗਾ। ਜੋ ਕਿ ਪਹਿਲਾਂ ਹੀ ਹਰ ਸਾਲ ਬੜੀ ਵੱਡੀ ਗਿਣਤੀ ਵਿਚ ਹੁੰਦੇ ਹਨ। ਇਸ ਨਾਲ ਪਰਵਾਰਕ ਇਕਾਈ ਟੁੱਟੇਗੀ। ਬੱਚਿਆਂ ਦੇ ਜੀਵਨ ਵਿਕਾਸ ਉਪਰ ਮਾਰੂ ਅਸਰ ਪਵੇਗਾ। ਉਨ੍ਹਾਂ ਦੀ ਸਕੂਲੀ ਪੜ੍ਹਾਈ ਅਧੂਰੀ ਰਹਿ ਜਾਵੇਗੀ। ਜਿਸ ਕਾਰਨ ਅਗਲਾ ਜੀਵਨ ਵੀ ਦੁੱਖਾਂ ਦਾ ਘਰ ਹੀ ਬਣੇਗਾ।

10. ਬੇਰੁਜ਼ਗਾਰੀ ਦੇ ਕਾਰਨ ਹੀ ਆਮ ਰਹਿਣ ਸਹਿਣ ਦਾ ਪੱਧਰ ਹੇਠਾਂ ਡਿੱਗੇਗਾ, ਖਾਧ-ਖੁਰਾਕ ਵੀ ਢਿੱਡ ਭਰਨ ਤੱਕ ਸੀਮਤ ਹੋ ਜਾਵੇਗਾ। ਜੇਕਰ ਅੱਜ ਫੂਡ-ਬੈਂਕਾਂ ਅਗੇ ਭੀੜਾਂ ਦਾ ਅੰਤ ਨਹੀਂ ਤਾਂ ਫਿਰ ਫੂਡ ਬੈਂਕ ਵੀ ਭੁੱਖਿਆਂ ਦੀ ਭੀੜ ਨੂੰ ਝੱਲਣ ਤੋਂ ਅਸਮਰਥ ਹੋ ਜਾਣਗੇ।

11. ਆਜ਼ਾਦ-ਵਪਾਰ ਦੇ ਮਾਰੂ ਅਸਰਾਂ ਤੋਂ ਤੜਪੇ ਲੋਕ ਜਦੋਂ ਜੀਵਨ ਗੁਜ਼ਾਰੇ ਲਈ ਮੰਗਾਂ ਮੰਨਣ ਲਈ ਉਠਣਗੇ ਤਾਂ ਉਨ੍ਹਾਂ ਨੂੰ ਕੰਟਰੋਲ ਕਰਨ ਲਈ ਸਰਕਾਰ ਲਈ ਲੋਕ ਵਿਰੋਧੀ ਕਾਨੂੰਨ ਬਣਾਵੇਗੀ ਜਿਵੇਂ ਕਿ ਪਹਿਲਾਂ ਹੀ ਕਈ ਬਣਾਏ ਜਾ ਚੁੱਕੇ ਹਨ ਇਸ ਤਰ੍ਹਾਂ ਹੁਣ ਦੇ ਅਖੌਤੀ ਜਮਹੂਰੀ ਹੱਕਾਂ ਨੂੰ ਪੈਰਾਂ ਹੇਠ ਲਿਤਾੜਿਆ ਜਾਵੇਗਾ।

12. ਜਿਥੇ ਸਾਡੇ ਘੱਟ ਗਿਣਤੀ ਲੋਕਾਂ ਨੂੰ ਬੇਰੁਜ਼ਗਾਰੀ ਆਦਿ ਦਾ ਸਾਹਮਣਾ ਕਰਨਾ ਪਵੇਗਾ ਉਥੇ ਉਨ੍ਹਾਂ ਉਪਰ ਨਸਲੀ ਹਮਲੇ ਵੀ ਵਧ ਜਾਣਗੇ। ਇਹ ਕੋਈ ਖਿਆਲੀ ਅੰਦਾਜ਼ੇ ਨਹੀਂ ਹਨ ਸਗੋਂ ਇਤਿਹਾਸਕ ਗਵਾਹੀਆਂ ਦੱਸਦੀਆਂ ਹਨ ਕਿ ਜਦੋਂ ਆਰਥਕ ਮੰਦਵਾੜੇ ਆਉਂਦੇ ਹਨ ਤਾਂ ਆਮ ਵਰਕਰ ਅਤੇ ਘੱਟ ਗਿਣਤੀਆਂ ਇਸ ਦੀ ਫੇਟ ਦੇ ਪਹਿਲੇ ਸ਼ਿਕਾਰ ਹੁੰਦੇ ਹਨ।

ਆਜ਼ਾਦ-ਵਪਾਰ ਦਾ ਜੋ ਲਾਭ ਹੋਵੇਗਾ ਉਹ ਤਾਂ ਸਿਰਫ ਵੱਡੀਆਂ ਕਾਰਪੋਰੇਸ਼ਨਾਂ ਨੂੰ ਜਾਂ ਕੁਝ ਗਿਣਤੀ ਦੇ ਪ੍ਰੋਫੈਸ਼ਨਲ ਲੋਕਾਂ, ਅਕਾਦਮੀਸ਼ਨਾਂ, ਤੇ ਨਵੀਂ ਤਕਨਾਲੋਜੀ ਨਾਲ ਸੰਬੰਧਿਤ ਇਕ ਵਰਗ ਨੂੰ ਹੋਵੇਗਾ। ਕਿਆਸ ਕੀਤੇ ਜਾ ਰਹੇ ਹਨ ਕਿ ਅੱਧੀ ਵਸੋਂ ਗਰੀਬੀ ਦੀ ਖੱਡ ਵਿਚ ਡਿੱਗ ਪਵੇਗੀ।

ਕੀ ਇਸ 'ਆਜ਼ਾਦ-ਵਪਾਰ' ਦੇ ਦੈਂਤ ਤੋਂ ਬਚਾਓ ਦਾ ਕੋਈ ਇਲਾਜ਼ ਵੀ ਹੋ ਸਕਦਾ ਹੈ? ਇਸ ਸੰਬੰਧੀ ਸੋਚਣ ਦੀ ਲੋੜ ਹੈ।

ਇਸ ਹਾਲਤ ਵਿਚ ਤਿੰਨ ਬਦਲ ਹੀ ਸਾਡੇ ਕੋਲ ਹਨ। ਇਕ ਹੁਣ ਦਾ ਮੌਜੂਦਾ

UNDER NEW MANAGEMENT
ਸਿੰਘ ਜਿਊਲਰਜ਼
5178 Victoria Dr., Vancouver, B.C.
Tel. 321-2772
22 ਅਤੇ 24 ਕੈਰਟ ਵਿਚ ਹਰ ਤਰ੍ਹਾਂ ਦੇ ਭਾਰਤੀ ਗਹਿਣੇ, ਅਤੇ ਡਾਇਮੰਡ ਕੱਟ ਚੂੜੀਆਂ ਬਣਵਾਉਣ ਲਈ ਜਾਂ ਮੁਰੰਮਤ ਕਰਵਾਉਣ ਲਈ ਦਰਸ਼ਨ ਦਿਓ!
ਤੁਹਾਡੀ ਪਸੰਦ ਦੇ ਡੀਜ਼ਾਈਨਾਂ ਦੀ ਸਾਰੀ ਮੀਨਾਕਾਰੀ ਹੱਥੀਂ ਕੀਤੀ ਜਾਂਦੀ ਹੈ
SINGH JEWELLERS MANUFACTURING & REPAIRING LTD.
22 K gold plating
Silver, Copper & Brass plating
Gold & Silver available to buy.
We repair watches & clocks
Jewelry Appraisels

ਪ੍ਰਬੰਧ, ਜੋ ਕਿ ਪਹਿਲਾਂ ਹੀ ਬੁਰੀ ਤਰ੍ਹਾਂ ਸੰਕਟ ਵਿਚ ਫਸਿਆ ਹੋਇਆ ਹੈ। ਜਿਸ ਵਿਚ ਨਿਕਲਣ ਲਈ ਕੈਨੇਡਾ ਦੀ ਸਰਮਾਏਦਾਰੀ 'ਆਜ਼ਾਦ-ਵਪਾਰ' ਦਾ ਦੂਜਾ ਬਦਲ ਚਿਤਵ ਰਹੀ ਹੈ। ਜੋ ਸਾਡੇ ਆਮ ਲੋਕਾਂ ਦੇ ਕਿਵੇਂ ਵੀ ਹਿਤਾਂ ਵਿਚ ਨਹੀਂ ਹੈ ਸਗੋਂ ਭਾਰੀ ਮੁਸ਼ਕਲਾਂ ਦੇ ਪਹਾੜ ਲੈ ਕੇ ਆਵੇਗਾ। ਤੀਜਾ ਬਦਲ ਜੋ ਕਿ ਪੱਕੇ ਤੌਰ ਤੇ ਤਾਂ ਭਾਵੇਂ ਸਮਾਜਵਾਦ ਦਾ ਹੀ ਰਾਹ ਹੈ ਪ੍ਰੰਤੂ ਉਥੇ ਛਾਲ ਮਾਰਨੀ ਅੱਜ ਦੀਆਂ ਪ੍ਰਸਥਿਤੀਆਂ ਦੇ ਅਨੁਸਾਰ ਮਾਅਰਕੇਬਾਜ਼ੀ ਵਾਲੀ ਗੱਲ ਬਣ ਜਾਂਦੀ ਹੈ, ਭਾਵੇਂ ਕਿ ਅੰਤਮ ਰਾਹ ਹੈ ਉਹ ਹੀ। ਫਿਰ ਵੀ ਉਸ ਵੱਲ ਵਧਣ ਲਈ ਪਹਿਲਾ ਪੜਾ ਲੋਕ-ਜਮਹੂਰੀ ਸ਼ਕਤੀਆਂ ਦਾ ਸਾਂਝਾ ਫਰੰਟ ਉਸਾਰਨਾ ਹੈ, ਜਿਸ ਨੂੰ ਅਪਨਾਉਣ ਲਈ ਇਥੋਂ ਦੀ ਸੋਸ਼ਲ ਡੈਮੋਕਰੇਸੀ ਦੀ ਨਿਊ ਡੈਮੋਕਰੇਟ ਪਾਰਟੀ ਤਿਆਰ ਨਹੀਂ ਹੈ। ਸੋ ਜਮਹੂਰੀ ਸ਼ਕਤੀਆਂ ਦਾ ਇਕ ਸਾਂਝਾ ਫਰੰਟ, ਜਿਸ ਨੂੰ ਉਸਾਰਨ ਵਿਚ ਟਰੇਡ ਯੂਨੀਅਨਾਂ ਵੱਡਾ ਰੋਲ ਅਦਾ ਕਰ ਸਕਦੀਆਂ ਹਨ, ਕੌਮੀ ਆਰਥਕਤਾ ਦੀ ਰਾਖੀ ਕਰ ਸਕਦਾ ਹੈ।

ਇਸ ਫਰੰਟ ਦੇ ਸਭ ਤੋਂ ਪਹਿਲੇ ਕੰਮ ਕੈਨੇਡਾ ਦੇ ਮਿਹਨਤੀ ਲੋਕਾਂ ਨੂੰ ਹੁਣ ਦੀ ਰਾਜਨੀਤਕ ਅਤੇ ਆਰਥਕਤਾ ਹਾਲਤ ਦੀ ਖਤਰਨਾਕ ਅਵਸਥਾ ਤੋਂ ਜਾਣੂੰ ਕਰਵਾਉਣਾ, ਇਕ ਵੱਡੀ ਲੋਕ ਲਹਿਰ ਜਥੇਬੰਦ ਕਰਨਾ, ਅਮਰੀਕਾ ਨਾਲੋਂ ਸਾਰੇ ਫੌਜੀ ਅਤੇ ਆਰਥਕ ਸੰਬੰਧ ਤੋੜਨੇ। ਦੂਜੇ ਸ਼ਬਦਾਂ ਵਿਚ ਕੈਨੇਡਾ ਨੂੰ ਅਮਰੀਕਾ ਦੀ ਫੌਜੀ ਜਕੜ ਅਤੇ ਬਹੁਕੌਮੀ ਕਾਰਪੋਰੇਸ਼ਨਾਂ ਦੀ ਜਕੜ ਤੋਂ ਮੁਕਤ ਕਰਾਉਣਾ ਹੈ। ਸਭ ਵੱਡੀਆਂ ਕਾਰਪੋਰੇਸ਼ਨਾਂ ਨੂੰ ਕੌਮੀ ਕਰਨਾ, ਸਮਾਜਵਾਦੀ ਦੇਸ਼ਾਂ ਨਾਲ ਵਪਾਰਕ ਸੰਬੰਧ ਵਧਾਉਣਾ। ਕੈਨੇਡਾ ਵਿਚ ਅਮਨ ਲਹਿਰ ਨੂੰ ਮਜ਼ਬੂਤ ਕਰਕੇ, ਨਿਊਜ਼ੀਲੈਂਡ ਵਾਂਗ ਨਿਊਕਲਰ ਮੁਕਤ ਦੇਸ਼ ਐਲਾਨਣਾ ਆਦਿ ਹੈ।

ਅਮਰੀਕਾ ਵਲੋਂ ਕੈਨੇਡਾ ਤੋਂ ਜਾਣ ਵਾਲੇ ਸ਼ੇਕ ਅਤੇ ਸ਼ਿੰਗਲਾਂ ਉਪਰ ਜੋ 35 ਪ੍ਰਤੀਸ਼ਤ ਚੂੰਗੀ ਟੈਕਸ ਲਗਾ ਦਿਤਾ ਗਿਆ ਹੈ, ਉਸ ਦਾ ਪ੍ਰਭਾਵ ਇਕ ਹਫਤੇ ਵਿਚ ਹੀ ਸਾਹਮਣੇ ਆ ਚੁੱਕਾ ਹੈ। ਇਸ ਨੇ ਦੇਸ਼ ਭਰ ਵਿਚ ਇਕ ਗੁੱਸੇ ਦੀ ਲਹਿਰ ਪੈਦਾ ਕਰ ਦਿਤੀ ਹੈ। ਜਿਸ ਅਗੇ ਪ੍ਰਧਾਨ ਮੰਤਰੀ ਬਰਾਇਨ ਮਲਰੂਨੀ ਕੋਲ ਵੀ ਕੋਈ ਰਾਹ ਨਹੀਂ ਰਹਿ ਗਿਆ ਕਿ ਉਹ ਅਮਰੀਕਾ ਦੇ ਧਾਵੇ ਦਾ ਵਿਰੋਧ ਕਰੇ, ਪ੍ਰੰਤੂ ਉਹ ਆਜ਼ਾਦ-ਵਪਾਰ ਨੂੰ ਹਾਲੇ ਵੀ ਅਗੇ ਤੋਰਨ ਦੀ ਗੱਲ ਕਰ ਰਿਹਾ ਹੈ।

ਇਸ ਮੌਕੇ ਉਪਰ ਲਿਬਰਲ ਪਾਰਟੀ ਅਤੇ ਨੀਊ ਡੈਮੋਕਰੇਟਾਂ ਵਲੋਂ ਜੋ ਵਿਰੋਧ ਲਈ ਵਿਰੋਧ ਕੀਤਾ ਗਿਆ ਸੀ, ਦੀ ਮੌਕਾ ਪ੍ਰਸਤੀ ਜ਼ਾਹਰ ਹੋ ਗਈ ਹੈ ਕਿ ਉਨ੍ਹਾਂ ਅਜਿਹੇ ਰਾਜਨੀਤਕ ਮੌਕੇ ਨੂੰ ਲੋਕਾਂ ਨੂੰ ਚੇਤੰਨ ਕਰਨ ਲਈ ਵਰਤਨ ਦੀ ਥਾਵੇਂ ਆਪਣੇ ਵਿਰੋਧੀ ਪਾਰਟੀ ਦੇ ਰਸਮੀ ਰੋਲ ਨੂੰ ਹੀ ਨਿਭਾਇਆ।

ਆਜ਼ਾਦ-ਵਪਾਰ ਵਿਰੁੱਧ ਸੰਘਰਸ਼ ਵਿਚ ਟਰੇਡ ਯੂਨੀਅਨ ਲਹਿਰ ਦੇ ਲੀਡਰਾਂ ਨੂੰ ਆਗੂ ਰੋਲ ਅਦਾ ਕਰਨਾ ਚਾਹੀਦਾ ਹੈ, ਪਿਛੇ ਰਹਿਣ ਵਾਲੇ ਟਰੇਡ ਯੂਨੀਅਨ ਲੀਡਰਾਂ ਨੂੰ ਜਾਂ ਤਾਂ ਪਿਛੇ ਖਿਚ ਲੈਣਾ ਚਾਹੀਦਾ ਹੈ ਜਾਂ ਉਨ੍ਹਾਂ ਨੂੰ ਹੁੱਝਾ ਮਾਰ ਕੇ ਖੜੇ ਕਰਨਾ ਚਾਹੀਦਾ ਹੈ।

ਕੈਨੇਡਾ ਦਾ ਭਵਿਖ ਕਿਸ ਪਾਸੇ ਨੂੰ ਉਲਰਦਾ ਹੈ ਇਹ ਜਮਹੂਰੀ ਸ਼ਕਤੀਆਂ ਦੀ ਅਗਵਾਈ ਅਤੇ ਆਮ ਲੋਕਾਂ ਦੀ ਚੇਤੰਨਤਾ ਤੇ ਨਿਰਭਰ ਕਰਦਾ ਹੈ।

●

ਆਰਥਕ, ਸਿਆਸੀ ਅਤੇ ਸਮਾਜੀ ਵਿਤਕਰੇ ਤੇ ਬੇ-ਇਨਸਾਫੀਆਂ ਨੂੰ ਜਾਇਜ਼ ਠਹਿਰਾਉਣ, ਮੁਨਕਰ ਹੋਣ ਜਾਂ ਪਰਦਾ ਪਾਉਣ ਦੇ ਅਸਫਲ ਯਤਨ ਕਰਦੇ ਹਨ ਪਰ ਪਿਛਲੇ ਸਾਲਾਂ ਵਿਚ ਛਪੀਆਂ ਰੀਪੋਰਟਾਂ ਨੇ ਸਾਬਤ ਕੀਤਾ ਹੈ ਕਿ ਨਸਲੀ ਵਿਤਕਰਾ ਹੈ।

ਨਸਲਵਾਦੀ ਇਮੀਗਰੇਸ਼ਨ ਨੀਤੀਆਂ ਸਾਡੇ ਲੋਕਾਂ ਲਈ ਕਈ ਪਰੇਸ਼ਾਨੀਆਂ ਅਤੇ ਦਿਮਾਗੀ ਖਿਚਾ ਪੈਦਾ ਕਰਦੀਆਂ ਹਨ। ਕੁਝ ਸਾਲ ਪਹਿਲਾਂ ਭਾਰਤੀ ਸੈਲਾਨੀਆਂ ਲਈ ਵੀਜ਼ਾ ਲਾ ਦਿਤਾ। ਬਹਾਨਾ ਕਿ ਭਾਰਤ ਤੋਂ ਬਹੁਤ ਸਾਰੇ ਲੋਕ ਵੀਜ਼ਾ ਨਾ ਹੋਣ ਦਾ ਨਾਜ਼ਾਇਜ਼ ਲਾਭ ਉਠਾਉਂਦੇ ਅਤੇ ਇਥੇ ਆ ਕੇ ਰਿਫੀਊਜ਼ੀ ਲਈ ਅਰਜ਼ੀ ਦੇ ਦਿੰਦੇ ਹਨ। ਪਰ ਜਦ ਹੁਣ ਮਈ 1986 ਦੇ ਤੀਜੇ ਹਫਤੇ ਪੁਰਤਗਾਲ ਆਦਿ ਦੇ ਸੈਲਾਨੀਆਂ ਲਈ ਵੀਜ਼ਾ ਲਾਉਣ ਲਈ ਮੰਤਰੀ ਨੇ ਆਖ ਦਿਤਾ ਤਾਂ ਇੰਨਾ ਵਾਵੇਲਾ ਮੱਚਿਆ ਕਿ 21 ਮਈ 1986 ਨੂੰ ਪਾਰਲੀਮੈਂਟ ਵਿਚ ਇਮੀਗਰੇਸ਼ਨ ਮੰਤਰੀ ਨੂੰ ਪੁਰਤਗਾਲ ਲਈ ਵੀਜ਼ੇ ਦੀ ਗੱਲ ਵਾਪਸ ਲੈਣੀ ਪਈ।

ਇਮੀਗਰੇਸ਼ਨ ਕਾਨੂੰਨ ਵਿਚ ਬਦਲੀ ਨੂੰ ਦੇਰ ਲਗਦੀ ਤੇ ਖਾਸ ਤਰੀਕੇ ਅਪਨਾਉਣੇ ਪੈਂਦੇ ਹਨ। ਸੋ ਇਮੀਗਰੇਸ਼ਨ ਨੀਤੀ ਨੂੰ ਮੋੜ ਦੇਣ ਜਾਂ ਰੋਕਣ ਆਦਿ ਲਈ ਰੂਲਜ਼ ਤੇ ਰੈਗੂਲੇਸ਼ਨਾਂ ਨੂੰ ਮੰਤਰੀ ਬਦਲ ਕੇ ਮਹਿਕਮੇ ਨੂੰ ਭੇਜ ਦਿੰਦਾ ਹੈ ਜਿਸ ਦਾ ਲੋਕਾਂ ਨੂੰ ਪਤਾ ਹੀ ਦੇਰ ਪਿਛੋਂ ਲਗਦਾ ਹੈ ਜਿਵੇਂ 1985 ਵਿਚ ਨਵੇਂ ਰੈਗੂਲੇਸ਼ਨ ਲਾਗੂ ਕੀਤੇ ਪਰ ਪਬਲਿਕ ਨੂੰ ਪਤਾ ਹੀ ਨਹੀਂ। ਇਮੀਗਰੇਸ਼ਨ ਕਾਨੂੰਨ ਨਿਯਮ ਟਾਦਿ ਕਾਲੇ ਭੂਰੇ ਲੋਕਾਂ ਦੇ ਵਿਰੁੱਧ ਜਾਂਦੇ ਹਨ ਅਤੇ ਇਨ੍ਹਾਂ ਵਿਚ ਭੀ ਮੰਗੇਤਰਾਂ, ਨਿਰਭਰ ਬੱਚਿਆਂ ਅਤੇ ਬਜ਼ੁਰਗਾਂ ਨੂੰ ਸਾਲਾਂ ਬੱਧੀ ਖੁਆਰ ਕਰਦੇ ਹਨ। ਇਥੋਂ ਤੱਕ ਕਿ ਕਈ ਵਾਰ ਐਮ. ਪੀ. ਦੀ ਦਖਲ ਅੰਦਾਜ਼ੀ ਭੀ ਕਾਟ ਨਹੀਂ ਕਰਦੀ। ਇਹ ਢਾਂਚਾ ਤਾਂ ਨਸਲਵਾਦੀ ਅਤੇ ਵਿਤਕਰੇ ਤੇ ਅਧਾਰਤ ਹੈ ਹੀ ਪਰ ਸਾਡੇ ਕੁਝ ਅਨਸਰਾਂ ਵਲੋਂ ਦਹਿਸ਼ਤ ਅਤੇ ਹੱਲਾ ਗੱਲਾ, ਸਾਡੀ ਕਮਿਊਨਿਟੀ ਨੂੰ ਬਦਨਾਮ ਕਰਕੇ ਅਤੇ ਕਨੇਡੀਅਨ ਕਮਿਊਨਿਟੀ ਵਿਚ ਨਾਮ ਡੇਗ ਕੇ, ਸਰਕਾਰ ਨੂੰ ਇਮੀਗਰੇਸ਼ਨ ਦੇ ਮਸਲੇ ਤੇ ਵਿਤਕਰਾ ਕਰਨ ਦਾ ਮੌਕਾ ਦਿੰਦੇ ਹਨ। ਭਾਵੇਂ ਕਿ ਦੂਜੇ ਪਾਸੇ ਸਰਕਾਰ ਅਤੇ ਅਮਲ ਕਾਨੂੰਨ ਦੇ ਅਦਾਰੇ ਅਤਿਵਾਦੀਆਂ ਦੇ ਹਿੰਸਕ, ਯਰਕਾਊ ਤੇ ਫੁੱਟ ਪਾਊ ਕੁਕਰਮਾਂ ਵੱਲ ਲਿਹਾਜ਼ੂ ਵਤੀਰਾ ਰਖਦੇ ਹਨ। ਸੋ ਕਨੇਡੀਅਨ ਸਰਕਾਰ ਦੋਹਰੀ ਚਾਲ ਚਲ ਰਹੀ ਹੈ।

ਸੋ ਹੁਣ ਸਾਡੀ ਕਮਿਊਨਿਟੀ ਦਾ ਕੰਮ ਬਣਦਾ ਹੈ ਕਿ ਏਕਤਾ ਰਾਹੀਂ ਲੋਕਾਂ ਨੂੰ ਸੁਚੇਤ ਕਰਕੇ ਨਸਲਵਾਦੀ ਇਮੀਗਰੇਸ਼ਨ ਨੀਤੀਆਂ ਅਤੇ ਵਿਤਕਰੇ ਵਿਰੁੱਧ ਦੂਜੀਆਂ ਕਮਿਊਨਿਟੀਆਂ, ਜਥੇਬੰਦੀਆਂ ਆਦਿ ਨੂੰ ਨਾਲ ਲੈ ਕੇ ਮੁਹਿੰਮ ਚਲਾਏ ਜਿਸ ਨਾਲ ਸਾਲਾਂ ਬੱਧੀ ਦੇ ਦੇਰੀ, ਐਵੇਂ ਰੱਦ ਕਰਨਾ ਅਤੇ ਮੰਗਵਾਉਣ ਲਈ ਵੱਡੀਆਂ ਆਰਥਕ ਸ਼ਰਤਾਂ ਨੂੰ ਖਤਮ ਕਰਵਾਇਆ ਜਾ ਸਕੇ। ਇਸ ਕੰਮ ਲਈ ਈਸਟ ਇੰਡੀਅਨ ਵਰਕਰਜ਼ ਐਸੋਸੀਏਸ਼ਨ ਔਫ ਕਨੇਡਾ ਤਾਂ ਪਹਿਲਾਂ ਤੋਂ ਹੀ ਹਰ ਕਿਸਮ ਦੇ ਵਿਤਕਰੇ ਵਿਰੁੱਧ ਡੱਟੀ ਹੋਈ ਹੈ ਅਤੇ ਇਮੀਗਰੇਸ਼ਨ ਦੇ ਮਸਲੇ ਤੇ ਭੀ ਯਤਨਸ਼ੀਲ ਹੈ। ਇਹ ਜਥੇਬੰਦੀ ਦੂਜਿਆਂ ਨੂੰ ਨਾਲ ਲੈ ਕੇ ਭਾਰਤੀਆਂ ਦੀ ਏਕਤਾ ਅਤੇ ਦੂਜਿਆਂ ਨਾਲ ਸਾਂਝੇ ਮੁਹਾਜ ਰਾਹੀਂ ਇਸ ਮਸਲੇ ਤੇ ਘੋਲ ਕਰੇ।

—ਐਡੀਟੋਰੀਅਲ ਬੋਰਡ—


# DOSANJH & PIRANI

**#202 - 5887 Victoria Drive, Vancouver, B.C. V5P 3W5**

**Phone 327-6381**

● ਪਰਸਨਲ ਸੱਟਾਂ ਦੀ ਇਨਸ਼ੋਰੈਂਸ ਦੇ ਕੇਸ ● ਜ਼ਮੀਨ ਖ੍ਰੀਦਣ ਤੇ ਵੇਚਣ ਦੇ ਕਾਗਜ਼ਾਤ
● ਵਿਉਪਾਰਕ ਮਸਲੇ ● ਪ੍ਰਵਾਰ ਤੇ ਤਲਾਕ ● ਫੌਜਦਾਰੀ ਤੇ ਸਿਵਲ ● ਕੋਰਟ ਟਰਾਇਲ

# ਕਨੇਡੀਅਨ ਰਿਫੀਊਜ਼ੀ ਮਸਲਾ ਅਤੇ ਪੱਕੇ ਤੌਰ ਤੇ ਰਹਿਣ ਦੀ ਛੋਟ

ਗੁਰਨਾਮ ਸਿੰਘ ਸੰਘੇੜਾ

ਕਨੇਡੀਅਨ ਸਰਕਾਰ ਨੇ 21 ਮਈ 1986 ਨੂੰ ਕਨੇਡਾ ਵਿਚ ਰਿਫੀਊਜ਼ੀ ਦੇ ਤੌਰ ਤੇ ਸ਼ਰਨ ਲਈ ਦਿੱਤੀ ਅਰਜ਼ੀ ਵਾਲੇ 21500 ਨੂੰ ਉਹਨਾਂ ਲੈਂਡਿਡ ਇਮੀਗਰੈਂਟ ਦਰਜਾ (ਪੱਕੇ ਤੌਰ ਤੇ ਰਹਿਣ ਦੇ ਹੱਕ) ਦੀ ਖੁਲ੍ਹ ਦੇਣ ਲਈ ਆਖ ਦਿਤਾ ਹੈ ਅਤੇ ਉਹਨਾਂ ਸਭ ਨੂੰ ਇਕ ਖਾਸ ਤਰੀਕੇ ਰਾਹੀਂ ਰਹਿਣ ਦੀ ਖੁਲ੍ਹ ਮਿਲੇਗੀ ਜਿਹਨਾਂ ਨੇ 21 ਮਈ 1986 ਦੀ ਅੱਧੀ ਰਾਤ ਤਕ ਰਿਫੀਊਜ਼ੀ ਦੇ ਤੌਰ ਤੇ ਰਹਿਣ ਲਈ ਅਰਜ਼ੀ ਦਿਤੀ ਹੋਵੇ। ਇਸ ਰਿਆਇਤ ਤੇ ਛੋਟ ਨੂੰ ਜਨਰਲ ਮੁਆਫੀ ਜਾਂ ਛੋਟ ਦੀ ਥਾਂ ਇਮੀਗਰੇਸ਼ਨ ਮੰਤਰੀ ਵਾਲਟਰ ਮੈਕਲੀਨ ਰੀਫੀਊਜ਼ੀ ਮਸਲੇ ਨੂੰ ਸੋਧਣ ਅਤੇ ਪ੍ਰਬੰਧਕੀ ਕਲੀਰੈਂਸ (ਹੱਲ) ਦਾ ਨਾਮ ਦੇ ਰਿਹਾ ਹੈ ਅਤੇ ਇਸ ਕੰਮ ਲਈ "ਰਾਤੂਸ਼ਨੀ ਰੀਪੋਰਟ" ਅਤੇ "ਪਲਾਊਟ ਰੀਪੋਰਟਾਂ" ਨੇ ਭੀ ਬੜਾ ਜ਼ੋਰ ਪਾਇਆ ਸੀ। ਇਸ ਮਸਲੇ ਤੇ ਛੋਟ ਨੂੰ ਸਮਝਣ ਲਈ ਕਾਨੂੰਨੀ ਤੌਰ ਤਰੀਕੇ ਦੀ ਚੀਰ ਫਾੜ ਕਰਦੇ ਹਾਂ।

**ਵਿਆਖਿਆ :-**

ਕਨਵੈਨਸ਼ਨ ਰਿਫੀਊਜ਼ੀ ਜਿਸ ਬਾਰੇ ਇਹ ਛੋਟ ਦਿਤੀ ਹੈ ਦੀ ਯੂਨਾਈਟਿਡ ਨੇਸ਼ਨਜ਼ ਤੇ ਇਮੀਗਰੇਸ਼ਨ ਕਾਨੂੰਨ ਨੇ ਇਉਂ ਵਿਆਖਿਆ ਕੀਤੀ ਹੈ —

"ਉਹ ਵਿਅਕਤੀ ਜੋ ਨਸਲ, ਧਰਮ, ਕੌਮੀਅਤ ਕਿਸੇ ਖਾਸ ਸੋਸ਼ਲ ਗਰੁਪ ਦਾ ਮੈਂਬਰ ਹੋਣ ਕਰਕੇ ਜਾਂ ਸਿਆਸੀ ਰਾਏ ਦੇ ਕਾਰਨ ਤੰਗੀ (ਜ਼ੁਲਮ) ਦਾ ਠੋਸ ਡਰ ਰਖਦੇ ਹੋਏ —

(ੳ) ਕੌਮੀਅਤ ਵਾਲੇ ਦੇਸ਼ ਤੋਂ ਬਾਹਰ ਹੈ ਅਤੇ ਇਸ ਡਰ ਦੇ ਕਾਰਨ ਉਸ ਦੇਸ਼ ਵਿਚ ਜਾ ਨਹੀਂ ਸਕਦਾ ਜਾਂ ਜਾਣ ਲਈ ਰਜ਼ਾਮੰਦ ਨਹੀਂ ਜਾਂ

(ਅ) ਕੋਈ ਕੌਮੀ ਦੇਸ਼ ਨਾ ਹੋਣ ਕਾਰਨ ਆਪਣੀ ਪਹਿਲੀ ਰਿਹਾਇਸ਼ੀ ਥਾਂ ਤੋਂ ਬਾਹਰ ਹੈ ਅਤੇ ਉਸ ਦੇਸ਼ ਨੂੰ ਵਾਪਸ ਜਾ ਨਹੀਂ ਸਕਦਾ ਜਾਂ ਜਾਣ ਲਈ ਰਜ਼ਾਮੰਦ ਨਹੀਂ।"

ਕਨਵੈਨਸ਼ਨ ਰੀਫੀਊਜ਼ੀ ਦੀ ਇਹ ਵਿਆਖਿਆ ਯੂਨਾਈਟਿਡ ਨੇਸ਼ਨਜ਼ ਦੀ 1951 ਦੀ ਕਨਵੈਨਸ਼ਨ (ਜਿਸ ਨੂੰ ਡਰਾਫਟ) ਕਰਨ ਵਿਚ ਕਨੇਡਾ ਸ਼ਾਮਲ ਸੀ ਪਰ ਉਸ ਉਪਰ 1969 ਤੱਕ ਦਸਤਖਤ ਨਾ ਕੀਤੇ) ਅਤੇ 1967 ਦੇ ਪਰੋਟੋਕਾਲ ਨੇ ਕੀਤੀ ਹੈ ਜਿਸ ਉਪਰ ਕਨੇਡਾ ਨੇ 1969 ਵਿਚ ਦਸਤਖਤ ਕੀਤੇ ਅਤੇ ਉਪਰ ਵਾਲੀ ਵਿਆਖਿਆ ਨੂੰ 1976 ਦੇ ਕਨੇਡਾ ਦੇ ਇਮੀਗਰੇਸ਼ਨ ਕਾਨੂੰਨ ਅਤੇ 1978 ਦੇ ਇਮੀਗਰੇਸ਼ਨ ਰੇਗੂਲੇਸ਼ਨਾਂ ਵਿਚ ਪ੍ਰਵਾਨ ਕੀਤਾ ਅਤੇ ਕੁਝ ਹਿੱਸਿਆਂ ਨੂੰ ਦਰਜ ਕੀਤਾ। ਇਸ ਕਰਕੇ ਕਨੇਡੀਅਨ ਰਿਫੀਊਜ਼ੀ ਮਸਲਾ ਇਮੀਗਰੇਸ਼ਨ ਐਕਟ ਤੇ ਨਿਯਮਾਂ ਨਾਲ ਬੱਝਾ ਅਤੇ ਉਲਝਿਆ ਹੋਇਆ ਹੈ ਜਿਸ ਨਾਲ ਇਹ ਇਮੀਗਰੇਸ਼ਨ ਅਤੇ ਸੈਟਲਮੈਂਟ ਦਾ ਮਸਲਾ ਬਣਿਆ ਤੇ ਰਿਫੀਊਜ਼ੀ ਨਾ ਰਿਹਾ। 1951 ਦੀ ਯੂ. ਇਨ. ਕਨਵੈਨਸ਼ਨ ਅਤੇ ਪਰੋਟੋਕਾਲ ਨੇ ਕਈ ਜ਼ਿੰਮੇਵਾਰੀਆਂ ਲਾ ਦਿਤੀਆਂ ਹਨ ਕਿ ਰਿਫੀਊਜ਼ੀਆਂ ਨੂੰ ਇਨਸਾਨ ਦੇ ਤੌਰ ਤੇ ਵੇਖਦੇ ਹੋਏ ਮਾਨਵਤਾ ਭਰਿਆ ਸਲੂਕ ਹੋਵੇ ਅਤੇ ਕਨਵੈਨਸ਼ਨ ਦੀ ਧਾਰਾ 31 ਦੇ ਤਹਿਤ ਉਹਨਾ ਰਿਫੀਊਜ਼ੀਆਂ ਨੂੰ ਸਜ਼ਾ ਨਹੀਂ ਦੇ ਸਕਦੇ ਭਾਵੇਂ ਉਹ ਗੈਰ ਕਾਨੂੰਨੀ ਤੌਰ ਤੇ ਦਾਖਲ ਹੋਏ ਤੇ ਹਾਜ਼ਰ ਸਨ ਅਤੇ ਧਾਰਾ 32 ਤਹਿਤ ਉਹਨਾਂ ਨੂੰ ਸਿਰਫ ਗੰਭੀਰ ਕਾਰਨਾਂ ਜਿਵੇਂ ਨਵੇਂ ਦੇਸ਼ ਦੀ ਕੌਮੀ ਸੁਰੱਖਿਆ ਨੂੰ ਖਤਰਾ ਜਾਂ ਅਮਨ ਨੂੰ ਖਤਰਾ ਦੇ ਅਧੀਨ ਹੀ ਕੱਢ ਸਕਦਾ ਹੈ ਅਤੇ ਧਾਰਾ 33 ਭੀ ਆਖਦੀ ਹੈ ਕਿ ਰਿਫੀਊਜ਼ੀਆਂ ਨੂੰ ਵਾਪਸ ਖਤਰੇ ਵਾਲੇ ਦੇਸ਼ ਵਿਚ ਨਹੀਂ ਭੇਜਿਆ ਜਾਂ ਕੱਢਿਆ ਜਾ ਸਕਦਾ।

"ਇਸ ਨਾਲ ਇਹ ਬੇਕਾਇਦਗੀਆਂ ਅਤੇ ਬੇ-ਤਰਤੀਬੀਆਂ ਪੈਦਾ ਹੁੰਦੀਆਂ ਹਨ ਜਿਵੇਂ ਕਿ ਜੇ ਕੋਈ ਆਪਣੇ ਦੇਸ਼ ਵਿਚ ਘੋਰ ਅਪਰਾਧ ਕਰਕੇ ਜਾਂ ਜ਼ੁਲਮ ਜਾਂ ਕਤਲ ਕਰਕੇ ਆਇਆ/ਆਏ ਹੋਣ ਤਾਂ ਕਨੇਡਾ ਉਸ ਨੂੰ ਭੀ ਕਨਵੈਨਸ਼ਨ ਰਿਫੀਊਜ਼ੀ ਮੰਨ ਲਵੇਗਾ" (ਰਾਤੂਸ਼ਨੀ ਰੀਪੋਰਟ — ਸਫਾ 19) ਜੋ ਗਲਤ ਹੈ।

ਕਨੇਡਾ ਦਾ ਇਮੀਗਰੇਸ਼ਨ ਐਕਟ 1976 ਇਸ ਲੋੜ ਨੂੰ ਮੰਨਦਾ ਹੈ ਕਿ "ਕੈਨੇਡਾ ਰਿਫੀਊਜ਼ੀਆਂ ਪ੍ਰਤੀ ਅੰਤਰ-ਰਾਸ਼ਟਰੀ ਕਾਨੂੰਨੀ ਜ਼ਿੰਮੇਵਾਰੀਆਂ ਪੂਰੀਆਂ ਕਰੇ ਅਤੇ ਉਜੜੇ ਹੋਏ ਤੇ ਅਤਿਆਚਾਰ ਦਾ ਸ਼ਿਕਾਰ ਪ੍ਰਤੀ ਮਾਨਵਵਾਦੀ ਰਵਾਇਤਾਂ ਨੂੰ ਕਾਇਮ ਰੱਖੇ।"

ਰਾਤੂਸ਼ਨੀ ਰੀਪੋਰਟ ਆਪਣੇ ਨਿਚੋੜ ਦੇ ਸਫਾ - ਐਕਸ ਉਪਰ ਦਸਦੀ ਹੈ "ਸਾਡਾ ਅਜੋਕਾ ਪ੍ਰਬੰਧ ਬੇ-ਕਾਇਦਗੀਆਂ, ਸਵੈ ਵਿਰੋਧੀ ਗਲਾਂ ਅਤੇ ਕਮਜ਼ੋਰੀਆਂ ਨਾਲ ਭਰਿਆ ਹੋਇਆ ਹੈ ਜਿਸ ਨੇ ਇਹ ਸਾਫ ਜ਼ਾਹਰ ਕੀਤਾ ਹੈ ਕਿ ਇਹ ਬੇ ਢੰਗਾ ਹੈ ਅਤੇ ਇਸ ਦੀ ਦੁਰਵਰਤੋਂ ਕੀਤੀ ਜਾ ਸਕਦੀ ਹੈ।"

"ਰਿਫੀਊਜ਼ੀ" ਮਦ ਨੂੰ ਅਜੋਕੇ ਸਮੇਂ ਵਿਚ ਅੰਤਰ-ਰਾਸ਼ਟਰੀ ਸਭਾਵਾਂ ਆਦਿ ਵਿਚ 12 ਮਈ 1926, ਫਿਰ 30 ਜੂਨ 1928, ਅਕਤੂਬਰ 28, 1933 ਅਤੇ 10 ਫਰਵਰੀ 1938 ਅਤੇ 14 ਸਤੰਬਰ 1939 ਦੀਆਂ ਕਨਵੈਨਸ਼ਨਾਂ ਤੇ ਪਰੋਟੋਕਾਲਾਂ ਵਿਚ ਭੀ ਵਿਚਾਰਿਆ ਗਿਆ। ਕਨੇਡਾ ਵਿਚ ਅੰਦਰੋਂ ਅਰਜ਼ੀ ਦੇ ਕੇ ਰਿਫੀਊਜ਼ੀ ਦੇ ਤੌਰ ਤੇ ਪਨਾਹ ਅਤੇ ਕਨੇਡਾ ਦੇ ਬਾਹਰੋਂ ਪਨਾਹ ਲਈ ਤਰੀਕੇ ਵਖਰੇ ਹਨ। ਅਸੀਂ ਅੰਦਰੋਂ ਅਰਜ਼ੀ ਦੀ ਗਲ ਕਰਾਂਗੇ ਕਿਉਂਕਿ ਛੋਟ ਅੰਦਰ ਵਾਲਿਆਂ ਲਈ ਮਿਲੀ ਹੈ। ਅੰਦਰੋਂ ਰਿਫੀਊਜ਼ੀ ਮਸਲਾ "ਸ਼ਰਣ ਮੰਗਣ" ਦੀ ਗਲ ਹੈ। ਭਾਵੇਂ ਇਮੀਗਰੇਸ਼ਨ ਦੇ ਅਨੁਸਾਰ ਕਨੇਡਾ ਵਿਚ ਦਾਖਲਾ ਵਿਸ਼ੇਸ਼ ਅਧਿਕਾਰ ਹੈ ਪਰ ਜਦੋਂ ਕਨਵੈਨਸ਼ਨ ਰਿਫੀਊਜ਼ੀ ਕਲੇਮ ਕਰਨ ਵਾਲੇ ਨੂੰ ਰਿਫੀਊਜ਼ੀ ਮੰਨ ਲਿਆ ਜਾਂਦਾ ਹੈ ਤਾਂ ਇਹ ਵਿਸ਼ੇਸ਼


ਆਦਰਸ਼ਕ ਜੀਵਨ ਸਾਥੀ ਲੱਭਣ ਲਈ

**ਸੁਮੇਲ ਮੈਰਿਜ ਮੈਚ - ਮੇਕਰਜ਼ ਲਿਮਿਟਿਡ**

"ਅੰਤਰਰਾਸ਼ਟਰੀ"

- ਕੀ ਤੁਸੀਂ ਵਿਆਹੁਤਾ ਉਮਰ ਦੇ ਕੰਵਾਰੇ ਮਰਦ/ ਔਰਤ ਹੋ ?
- ਕੀ ਤੁਸੀਂ ਤਲਾਕਸ਼ੁਦਾ ਜਾਂ ਉਹ ਮਰਦ/ਔਰਤ ਹੋ ਜਿਨ੍ਹਾਂ ਦੇ ਜੀਵਨ ਸਾਥੀ ਪਰਲੋਕ ਸੁਧਾਰ ਚੁੱਕੇ ਹਨ ?
- ਕੀ ਤੁਸੀਂ ਬਹੁਤ ਪੜ੍ਹੇ ਲਿਖੇ ਪ੍ਰੋਫੈਸ਼ਨਲ ਮਰਦ/ਔਰਤ ਹੋ ਜੋ ਕੈਨੇਡਾ ਵਿਚ ਸੈਰ ਕਰਨ ਆਏ ਹੋ ਪਰ ਸ਼ਾਦੀ ਕਰਕੇ ਕਨੇਡਾ ਵਿਚ ਪੱਕੀ ਤਰ੍ਹਾਂ ਰਹਿਣ ਦੇ ਚਾਹਵਾਨ ਹੋ ?
- ਸੁਮੇਲ ਮੈਰਜ ਮੈਚ ਮੇਕਰਜ਼ ਆਪ ਲਈ ਮਨ ਭਉਂਦਾ ਸਾਥੀ ਲੱਭਣ ਵਿਚ ਸਹਾਇਕ ਹੋ ਸਕਦੇ ਹਨ।

ਹੋਰ ਜਾਣਕਾਰੀ ਲਈ ਫੋਨ ਕਰੋ ਜਾਂ ਲਿਖੋ

Harminder K. Sanghera (Director) SSM Ltd.
2267-E 39th Ave., Vancouver, B.C. V5P 1H9

Tele.(604)325-1662 (24 Hours)

ਅਧਿਕਾਰ ਦੀ ਥਾਂ, ਉਸ ਦਾ ਹੱਕ ਮੰਨਣ ਵਾਲੀ ਗਲ ਬਣ ਜਾਂਦੀ ਹੈ। ਜਦੋਂ ਰਿਫੀਊਜ਼ੀ ਮੰਨਣ ਮਨਾਉਣ ਦੀ ਕਾਰਜਵਿਧੀ (ਕਾਰਵਾਈ) ਆਰੰਭ ਹੋ ਜਾਂਦੀ ਹੈ ਤਾਂ ਫਿਰ ਇਮੀਗਰੇਸ਼ਨ ਪਾਲਸੀ ਬੇਤੁਕੀ ਤੇ ਅਜੋੜ ਹੋ ਜਾਂਦੀ ਹੈ ਪਰ ਕਿਉਂਕਿ ਉਹ ਕਨੇਡਾ ਵਿਚ ਹਾਜ਼ਰ ਹੈ ਇਸ ਲਈ ਇਮੀਗਰੇਸ਼ਨ ਦੇ ਕਾਨੂੰਨ ਅਧੀਨ ਆਉਂਦਾ ਹੈ।

**ਮੂੰਹ ਜ਼ਬਾਨੀ ਸੁਣਵਾਈ** :- ਦੋ ਮਈ 1983 ਨੂੰ ਇਮੀਗਰੇਸ਼ਨ ਮੰਤਰੀ ਨੇ ਰਿਫੀਊਜ਼ੀਆਂ ਦੀ ਜ਼ਬਾਨੀ ਸੁਣਵਾਈ ਕਰਨ ਲਈ ਟਰਾਂਟੋ ਅਤੇ ਮੌਂਟਰੀਅਲ ਵਿਚ ਪਾਈਲਟ (ਨਮੂਨੇ ਲਈ ਰਾਹ ਵਿਖਾਊ) ਪਰੋਜੈਕਟਾਂ ਆਰੰਭੀਆਂ। "ਰਾਤੁਸ਼ਨੀ ਰੀਪੋਰਟ" ਅਤੇ "ਪਲੌਂਟ ਰੀਪੋਰਟ" ਨੇ ਭੀ ਜ਼ਬਾਨੀ ਸੁਣਵਾਈ, ਅਪੀਲ ਅਤੇ ਰਿਫੀਊਜ਼ੀ ਦੇ ਗਲ ਉਪਰ ਯਕੀਨ ਕਰਨ ਤੇ ਸ਼ੱਕ ਦੇ ਲਈ ਛੋਟ, ਮਾਨਵਵਾਦੀ ਦੇ ਤੌਰ ਤੇ ਗੈਰ ਵਿਰੋਧੀ ਦੇ ਤੌਰ ਤੇ ਇੰਟਰਵੀਊ ਤੇ ਉਸਦੀ ਸੁਣਵਾਈ ਦੀਆਂ ਸਿਫਾਰਸ਼ਾਂ ਕੀਤੀਆਂ ਹਨ ਅਤੇ ਅਪਰੈਲ 1985 ਵਿਚ ਕਨੇਡਾ ਦੀ ਸੁਪਰੀਮ ਕੋਰਟ ਦੇ ਫੈਸਲੇ ਨੇ (ਕਿ ਜ਼ਬਾਨੀ ਸੁਣਵਾਈ ਰਿਫੀਊਜ਼ੀ ਦਾ ਹੱਕ ਹੈ) ਤਾਂ ਧੜਾ ਧੜ ਰੀਫੀਊਜ਼ੀ ਦੇ ਤੌਰ ਤੇ ਹੋਰ ਅਰਜ਼ੀਆਂ ਆਈਆਂ। 1983 **ਵਿਚ ਦਲਜੀਤ ਸਿੰਘ ਦੇ ਕੇਸ ਵਿਚ ਇਹ ਭੀ** ਫੈਸਲਾ ਹੋਇਆ ਕਿ ਸੀਨੀਅਰ ਇਮੀਗਰੇਸ਼ਨ ਅਫਸਰ ਪੁੱਛ ਗਿੱਛ ਸਮੇਂ ਰਿਫੀਊਜ਼ੀ ਦੇ ਕਲੇਮ ਚੰਗੇ ਮਾੜੇ ਬਾਰੇ ਆਪਣੀ ਰਾਏ, ਪੜਚੋਲ ਜਾਂ ਟੀਕਾ ਟਿਪਣੀ ਨਹੀਂ ਦੇ ਸਕਦਾ। ਜਦੋਂ **ਕਨੇਡੀਅਨ ਬਿਲ ਔਫ ਰਾਈਟਸ ਅਤੇ ਚਾਰਟਰ ਔਫ ਰਾਈਟਸ ਐਂਡ ਫਰੀਡਮਜ਼** ਦੇ ਤਹਿਤ ਮੰਗ ਹੋਈ ਤਾਂ **ਹਰਭਜਨ ਸਿੰਘ ਦੇ ਕੇਸ ਵਿਚ ਸੁਪਰੀਮ ਕੋਰਟ ਔਫ ਕਨੇਡਾ ਨੇ ਹੁਕਮ ਦਿਤਾ ਕਿ ਇਮੀਗਰੇਸ਼ਨ ਅਪੀਲ ਬੋਰਡ ਸਾਹਮਣੇ ਆਏ ਹਰ ਕੇਸ ਦੀ ਮੂੰਹ ਜ਼ਬਾਨੀ ਸੁਣਵਾਈ ਜ਼ਰੂਰ ਹੋਵੇਗੀ।** ਉਸ ਸਮੇਂ ਸੰਕੇਤ ਹੋ ਗਿਆ ਕਿ ਰਿਫੀਊਜ਼ੀਆਂ ਦੇ ਮਸਲੇ ਉਤੇ ਕੈਨੇਡੀਅਨ ਸਰਕਾਰ ਦਿਆਲੂ ਹੋ ਜਾਏਗੀ। 1983 ਵਿਚ ਪਾਰਲੀਮੈਂਟ ਨੂੰ "ਗੈਰ ਕਾਨੂੰਨੀ ਪਰਵਾਸੀ" ਰੀਪੋਰਟ ਭੀ ਪੇਸ਼ ਕੀਤੀ ਗਈ ਸੀ। ਸੋ 1984 ਤੋਂ 1986 ਤਕ ਰਿਫੀਊਜ਼ੀ ਪਨਾਹ ਲਈ ਅਰਜ਼ੀਆਂ ਬੜੀ ਤੇਜ਼ੀ ਨਾਲ ਵਧੀਆਂ।

**ਰਿਫੀਊਜ਼ੀ ਕਲੇਮ ਵਾਲੇ** :- ਜਿਵੇਂ 1981 ਵਿਚ ਕਨੇਡਾ ਦੇ ਅੰਦਰੋਂ ਰਿਫੀਊਜ਼ੀ ਕਲੇਮ ਵਾਲੇ 2434, 1981-82 ਵਿਚ 3726, 1982-83 ਵਿਚ 3640, 1983-84 ਵਿਚ 6792 ਸਨ। 1985 ਦੇ ਆਰੰਭ ਵਿਚ 12500 ਅਤੇ 21 ਮਈ 1986 ਸਵੇਰ ਤੱਕ 21500 ਸੀ। ਕਿਉਂਕਿ ਇਮੀਗਰੇਸ਼ਨ ਮਹਿਕਮੇ ਵਲੋਂ ਰਿਫੀਊਜ਼ੀ ਕਲੇਮ ਵਾਲਿਆਂ ਦੀ ਸੁਣਵਾਈ 15 ਜੁਲਾਈ 1986 ਤੋਂ ਆਰੰਭ ਹੋਵੇਗੀ ਅਤੇ ਜੋ ਉਸ ਸਮੇਂ ਤੱਕ ਭੀ ਕਲੇਮ ਫਾਈਲ ਕਰ ਦੇਣ, ਸ਼ਾਇਦ ਉਹਨਾਂ ਦੀ ਭੀ ਤੇਜ਼ ਕੀਤੀ ਕਾਰਵਾਈ ਵਿਚ ਸੁਣਵਾਈ ਹੋ ਜਾਵੇ ਕਿਉਂਕਿ ਇਹ ਸਭ ਹਲ ਕਰਕੇ ਨਵੀਂ ਕਾਰਜ ਪਰਨਾਲੀ ਲਾਗੂ ਕਰਨੀ ਹੈ। ਕਨੇਡਾ ਨੇ ਅੰਦਰੋਂ ਰਿਫੀਊਜ਼ੀ ਕਲੇਮ ਲੈਣੇ 1979 ਵਿਚ ਆਰੰਭ ਕੀਤੇ ਅਤੇ 1970 ਤੋਂ 1980 ਤੱਕ ਇਕ ਲੱਖ ਦਸ ਹਜ਼ਾਰ ਰਿਫੀਊਜ਼ੀ ਲਏ। ਕਿਉਂਕਿ ਕਨੇਡਾ ਦੀ ਰਾਜ ਸੱਤਾ ਸਰਮਾਏਦਾਰ ਜਮਾਤ ਦੇ ਹੱਥ ਹੈ ਅਤੇ ਇਸ ਨੇ ਲੋਟੂ ਜਮਾਤ ਦੇ ਹਿਤ ਪਾਲਣੇ ਅਤੇ ਅਗਾਂਹ ਵਧੂ ਵਿਚਾਰਧਾਰਾ ਤੇ ਲੋਕ ਏਕਤਾ ਅਤੇ ਅਗਾਂਹ ਵਧੂ ਸਿਆਸੀ ਚੇਤਨਤਾ ਨੂੰ ਖੁੰਡਾ ਕਰਨਾ ਤੇ ਦਬਾਉਣਾ ਹੈ, ਸੋ ਇਹ ਉਹਨਾਂ ਲੋਕਾਂ ਨੂੰ ਖੁੱਲ੍ਹ ਦਿੰਦੇ ਹਨ ਜੋ ਲੋਟੂ ਜਮਾਤ ਦੇ ਵਿਰੁਧ ਨਾ ਜਾਣ ਭਾਵੇਂ ਕਿ ਕੁਝ ਲੋਕ ਇਮੀਗਰੇਸ਼ਨ ਤਾਣੇ ਬਾਣੇ ਵਿਚੀਂ ਲੰਘ ਜਾਂਦੇ ਅਤੇ ਕੁਝ ਆਰਥਕ ਹਾਲਾਤ ਨਾਲ ਚੇਤੰਨ ਹੋ ਜਾਂਦੇ ਹਨ। 11 ਜਨਵਰੀ 1985 ਨੂੰ ਕਨੇਡਾ ਦੀ ਇਮੀਗਰੇਸ਼ਨ ਮੰਤਰੀ **ਫਲੋਰਾ ਮੈਕਡੌਨਲਡ ਨੇ ਇਮੀਗਰੇਸ਼ਨ ਦੇ ਮਸਲੇ ਤੇ ਇਕਦਮ ਸੱਜ ਪਿਛਾਖੜੀ ਨੀਤੀ ਵਲ ਮੋੜ ਕੱਟਿਆ ਤੇ ਐਲਾਨ ਕੀਤਾ ਕਿ ਜੋ ਲੋਕ ਯੂਰਪੀ ਸਮਾਜਵਾਦੀ ਦੇਸ਼ਾਂ ਵਿਚੋਂ ਭੱਜ ਕੇ ਆਉਣਗੇ, ਇਹ ਉਹਨਾਂ ਨੂੰ ਇਕਦਮ ਆਪਣੇ ਆਪ ਤੇ "ਆਟੋਮੈਟਿਕ ਰਿਫੀਊਜ਼ੀ ਦਰਜਾ" ਦੇ ਦਿਤਾ ਜਾਵੇਗਾ।** ਕਨੇਡਾ ਨੇ ਸਦਾ ਹੀ ਪਿਛੇ ਖਿਚੂਆਂ ਨੂੰ ਪਹਿਲ ਦਿਤੀ। ਜਦੋਂ ਚਿੱਲੀ ਵਿਚੋਂ ਫਾਸ਼ੀ ਫੌਜੀ ਜੁੰਡਲੀ ਦੇ ਅਤਿਆਚਾਰਾਂ ਤੋਂ ਬਚਣ ਲਈ ਉਹਨਾਂ ਅਰਜ਼ੀਆਂ ਦਿਤੀਆਂ ਤਾਂ ਕਨੇਡਾ ਨੇ ਨਾ ਲਈਆਂ। ਪਰ ਪਹਿਲਾਂ 1956-57 ਵਿਚ ਅਮਰੀਕਾ ਵਲੋਂ ਹੰਗਰੀ ਵਿਚ ਉਲਟ ਇਨਕਲਾਬ ਦੀ ਅਸਫਲ ਕੋਸ਼ਿਸ਼ ਸਮੇਂ 35000 1968 ਵਿਚ ਚੈਕੋਸਲਵਾਕੀਆ ਵਿਚ ਭੀ ਉਲਟ ਇਨਕਲਾਬ ਦੀ ਅਸਫਲ ਕੋਸ਼ਿਸ਼ ਸਮੇਂ ਦਸ ਹਜ਼ਾਰ ਅਤੇ 1980-81 ਵਿਚ ਵੀਤਨਾਮ, ਲਾਉਸ ਤੇ ਕੰਬੋਦੀਆ ਆਦਿ ਵਿਚੋਂ ਪੰਜਾਹ ਹਜ਼ਾਰ ਰਿਫੀਊਜ਼ੀ ਲਏ। ਆਖਿਆ ਜਾਂਦਾ ਹੈ ਕਿ ਇਸ ਸਮੇਂ ਦੁਨੀਆਂ ਵਿਚ ਇਕ ਕਰੋੜ ਰਿਫੀਊਜ਼ੀ ਹਨ।

**ਕਲੇਮ ਕਿਵੇਂ** :- 1976 ਦੇ ਇਮੀਗਰੇਸ਼ਨ ਕਾਨੂੰਨ ਦੇ ਅਧੀਨ (ਵਿਅਕਤੀ ਉਸ ਸਮੇਂ ਰਿਫੀਊਜ਼ੀ ਕਲੇਮ ਕਰ ਸਕਦਾ ਹੈ ਜਦੋਂ ਸਰਕਾਰੀ ਪੜਤਾਲ ਹੋ ਰਹੀ ਹੈ ਕਿ ਉਹ ਸੈਲਾਨੀ, ਪਰਵਾਸੀ ਜਾਂ ਗੈਰ ਇਮੀਗਰੈਂਟ ਹੈ। ਭਾਵ ਇਮੀਗਰੇਸ਼ਨ ਐਕਟ ਭੰਗ ਕਰਕੇ ਇਹ ਕਲੇਮ ਹੋ ਸਕਦਾ ਹੈ। ਪਰ ਇਮੀਗਰੇਸ਼ਨ ਕਮਿਸ਼ਨ ਦੀ ਨੀਤੀ ਨੇ ਬਿਨਾਂ ਕਾਨੂੰਨ ਤੋੜੇ ਦੇ ਕਲੇਮ ਦਾ ਹੱਕ ਦਿਤਾ। ਨਤੀਜੇ ਵਜੋਂ ਦੋ ਕਲੇਮਾਂ ਦੀ ਸੰਭਾਵਨਾ। ਰਿਫੀਊਜ਼ੀ ਕਲੇਮਾਂ ਨੂੰ ਨਜਿੱਠਣ ਲਈ 1973 ਵਿਚ ਰਸਮੀ ਕਾਰਵਾਈ ਹੋਈ। 1980 ਵਿਚ "ਟਾਸਕ ਫੋਰਸ" ਨੇ "ਕਨੇਡਾ ਵਿਚ ਰਿਫੀਊਜ਼ੀ ਨਿਰਣੇ ਦੀ


ਵੈਨਕੂਵਰ ਵਿਚ ਭਾਰਤੀਆਂ ਦਾ ਫਰਨੀਚਰ ਸਟੋਰ

ROYAL

ਰੌਇਲ ਫਰਨੀਚਰ ਲਿਮ:

ਟੌਪ ਕੁਆਲਿਟੀ ਦਾ ਫਰਨੀਚਰ ਤੇ ਵਾਜਿਬ ਕੀਮਤਾਂ

2607 ਮੇਨ ਸਟਰੀਟ, ਵੈਨਕੂਵਰ, ਬੀ. ਸੀ.

Ph. 874-9525

- ਲਿਵਿੰਗ ਰੂਮ
- ਡਾਇਨਿੰਗ ਰੂਮ
- ਬੈਡ ਰੂਮ ਅਤੇ

ਹਰ ਕਿਸਮ ਦਾ ਫਰਨੀਚਰ ਸਾਥੋਂ ਖ਼ਰੀਦੋ

FURNITURE



PAUL TOOR

ਕਾਰਜਵਿਧੀ" ਦੀ ਰੀਪੋਰਟ ਦਿਤੀ ਫਿਰ "ਰਿਫੀਊਜ਼ੀ ਸਟੇਟਸ ਸਲਾਹਕਾਰ ਕਮੇਟੀ" ਸਥਾਪਤ ਕੀਤੀ। ਜੇ ਇਸ ਕਮੇਟੀ ਵਿਚ ਰਿਫੀਊਜ਼ੀ ਦੇ ਹੱਕ ਅਤੇ ਵਿਰੁੱਧ ਵਿਚ ਬਰਾਬਰ ਵੋਟਾਂ ਹੋਣ ਤਾਂ ਫੈਸਲਾ ਰਿਫੀਊਜ਼ੀ ਦੇ ਹੱਕ ਵਿਚ ਹੋਵੇਗਾ। ਇਮੀਗਰੇਸ਼ਨ ਦੇ ਸੈਕਸ਼ਨ 45 (1) ਦੇ ਅਧੀਨ ਕਲੇਮ ਵਾਲੇ ਨੂੰ ਸੁੰਹ ਚੁਕਾ ਕੇ ਪੁੱਛ ਗਿੱਛ ਹੋਵੇਗੀ (ਅਤੇ ਫੈਸਲਾ ਹੋਣ ਤਕ ਇਮੀਗਰੇਸ਼ਨ ਪੜਤਾਲ ਪਿਛੇ ਪਾ ਦਿਤੀ ਜਾਵੇਗੀ ਤੇ ਰਿਫੀਊਜ਼ੀ ਕਲੇਮ ਬਾਰੇ ਕਾਰਵਾਈ ਸ਼ੁਰੂ ਹੋ ਜਾਵੇਗੀ)। ਉਸ ਸੁਣਵਾਈ ਦੀ ਨਕਲ ਲੈਣ ਦਾ ਰਿਫੀਊਜ਼ੀ ਕਲੇਮ ਵਾਲੇ ਪਾਸ ਸੈਕਸ਼ਨ 45 (3) ਅਧੀਨ ਹੱਕ ਹੈ। ਸੁਣਵਾਈ ਦੀ ਨਕਲ "ਰਿਫੀਊਜ਼ੀ ਸਟੇਟਸ ਸਲਾਹਕਾਰ ਕਮੇਟੀ" ਪਾਸ ਭੀ ਜਾਂਦੀ ਹੈ ਜੋ ਕਲੇਮ ਦੇ ਮਸਲੇ ਤੇ ਵਜ਼ੀਰ ਨੂੰ ਸਲਾਹ ਦਿੰਦੀ ਹੈ। ਇਸ ਸਲਾਹਕਾਰ ਕਮੇਟੀ ਦੇ ਸੈਸ਼ਨ ਵਿਚ "ਯੂਨਾਈਟਿਡ ਨੇਸ਼ਨਜ਼ ਹਾਈ ਕਮਿਸ਼ਨਰ ਫੌਰ ਰਿਫੀਊਜੀਜ਼" ਦਾ ਨੁਮਾਇੰਦਾ ਬੈਠ ਸਕਦਾ ਹੈ ਪਰ ਉਸ ਨੂੰ ਵੋਟ ਦਾ ਹੱਕ ਨਹੀਂ। ਵਜ਼ੀਰ ਨੂੰ ਸਿਫਾਰਸ਼ ਜਾਂ ਸਲਾਹ ਮਿਲ ਜਾਂਦੀ ਹੈ ਤੇ ਫਿਰ ਉਸ ਨੇ ਨਿਰਣਾ ਕਰਨਾ ਹੈ। ਜੇ ਮੰਤਰੀ ਕਲੇਮ ਮੰਨ ਲੈਂਦਾ ਹੈ ਤਾਂ ਉਸ ਰਿਫੀਊਜ਼ੀ ਨੂੰ ਸੈਕਸ਼ਨ 37 ਦੇ ਅਧੀਨ ਕਨੇਡਾ ਵਿਚ ਰਹਿਣ ਦਾ ਪਰਮਿਟ ਦੇ ਦਿਤਾ ਜਾਂਦਾ ਹੈ। ਫਿਰ ਇਮੀਗਰੇਸ਼ਨ ਦਾ ਐਡਜੂਡੀਕੇਟਰ, ਕਲੇਮ ਵਾਲੇ ਦੀ ਗੈਰ ਹਾਜ਼ਰੀ ਵਿਚ ਪੜਤਾਲ ਕਰਦਾ ਹੈ ਤੇ ਐਡਜੂਡੀਕੇਟਰ ਨੂੰ ਮੰਤਰੀ ਦੇ ਰਹਿਣ ਲਈ ਦਿਤੇ ਪਰਮਿਟ ਬਾਰੇ ਦੱਸ ਦਿਤਾ ਜਾਂਦਾ ਹੈ। ਜੇ ਵਜ਼ੀਰ ਨਾਂਹ ਵਿਚ ਜਵਾਬ ਦੇ ਦੇਵੇ ਤਾਂ ਸੈਕਸ਼ਨ 72 (2) ਅਧੀਨ ਬਣਾਏ ਇਮੀਗਰੇਸ਼ਨ ਅਪੀਲ ਬੋਰਡ ਪਾਸ ਅਪੀਲ ਕੀਤੀ ਜਾ ਸਕਦੀ ਹੈ ਅਤੇ ਇਸ ਤੋਂ ਭੀ ਅਗਾਂਹ ਸੈਕਸ਼ਨ 84 ਅਧੀਨ ਇਜ਼ਾਜ਼ਤ ਲੈ ਕੇ ਕਨੇਡਾ ਦੀ "ਫੈਡਰਲ ਕੋਰਟ ਔਫ ਅਪੀਲ" ਪਾਸ ਭੀ ਅਪੀਲ ਕੀਤੀ ਜਾ ਸਕਦੀ ਹੈ। ਜੇ ਵਜ਼ੀਰ ਆਖ ਦੇਵੇ ਕਿ ਕਲੇਮ ਕਰਨ ਵਾਲਾ "ਕਨਵੈਨਸ਼ਨ ਰਿਫੀਊਜ਼ੀ" ਨਹੀਂ ਤਾਂ ਵਿਅਕਤੀ ਮਾਨਵਵਾਦੀ ਤੇ ਰਹਿਮ ਦੇ ਆਧਾਰ ਤੇ "ਸਪੈਸ਼ਲ ਰੀਵੀਊ ਕਮੇਟੀ" ਪਾਸ ਜਾ ਸਕਦਾ ਹੈ। "ਯੂਨੀਵਰਸਲ ਡੈਕਲੇਰੇਸ਼ਨ ਔਫ ਹਿਊਮਨ ਰਾਈਟਸ' ਦੀ ਧਾਰਾ 14 (1) ਆਖਦੀ ਹੈ ਕਿ "ਹਰ ਇਕ ਨੂੰ ਅਤਿਆਚਾਰ ਤੋਂ ਬਚਣ ਲਈ ਦੂਜੇ ਦੇਸ਼ਾਂ ਵਿਚ ਪਨਾਹ ਲੈਣ ਤੇ ਮਾਨਣ ਦਾ ਹੱਕ ਹੈ"। ਅਤੇ 1951 ਦੀ ਯੂ. ਇਨ. ਕਨਵੈਨਸ਼ਨ ਭੀ ਦੂਜੇ ਦੇਸ਼ਾਂ ਨੂੰ ਪਨਾਹ ਦੇਣ ਅਤੇ ਅੰਤਰਰਾਸ਼ਟਰੀ ਸਹਿਯੋਗ ਲਈ ਆਖਦੀ ਹੈ।

ਜੇਕਰ ਇਹ ਫੈਸਲਾ ਹੋ ਜਾਂਦਾ ਹੈ ਕਿ ਕਲੇਮ ਕਰਨ ਵਾਲਾ ਕਨਵੈਨਸ਼ਨ ਰਿਫੀਊਜ਼ੀ ਨਹੀਂ ਅਤੇ "ਸਪੈਸ਼ਲ ਰੀਵੀਊ ਕਮੇਟੀ" ਭੀ ਨਾਂਹ ਵਿਚ ਫੈਸਲਾ ਦਿੰਦੀ ਹੈ ਤਾਂ ਐਕਟ ਦੇ ਸੈਕਸ਼ਨ 70 ਅਧੀਨ ਵਜ਼ੀਰ ਦੇ ਲਿਖਤੀ ਫੈਸਲੇ ਦੇ ਪੰਦਰਾਂ ਦਿਨ ਦੇ ਅੰਦਰ "ਇਮੀਗਰੇਸ਼ਨ ਅਪੀਲ ਬੋਰਡ" ਪਾਸ ਦੋਬਾਰਾ ਰਿਫੀਊਜ਼ੀ ਨਿਰਣੇ ਲਈ ਅਰਜ਼ੀ ਦਿਤੀ ਜਾ ਸਕਦੀ ਹੈ। ਰਿਫੀਊਜ਼ੀ ਕਲੇਮ ਵਾਲੇ ਨੂੰ ਹਰ ਕਿਸਮ ਦੀ ਦਸਤਾਵੇਜ਼ ਰੀਪੋਰਟਾਂ ਅਖਬਾਰੀ ਲੇਖ ਤੇ ਰੀਪੋਰਟਾਂ, ਚਿੱਠੀਆਂ ਤੇ ਕਲੇਮ ਨਾਲ ਹੋਰ ਸਬੰਧਤ ਸਾਮਗਰੀ ਦੇਣੀ ਪਵੇਗੀ ਜਿਸ ਤੋਂ ਸਾਬਤ ਹੋਵੇ ਕਿ ਵਾਪਸ ਭੇਜਣਾ ਠੀਕ ਨਹੀਂ ਰਿਫੀਊਜ਼ੀ ਦਾ ਹੋਰ ਕੋਈ ਦੇਸ਼ ਾਲੂ ਨਹੀਂ। ਕਲੇਮ ਵਾਲਾ ਆਪਣੇ ਨਾਲ ਆਪਣਾ ਸਲਾਹਕਾਰ ਲਿਜਾ ਸਕਦਾ ਹੈ। "ਰਿਫੀਊਜ਼ੀ ਸਟੇਟਸ ਸਲਾਹਕਾਰ ਕਮੇਟੀ" ਨੇ ਪਿਛੋਕੜ ਬਾਰੇ ਜਾਣਕਾਰੀ ਅਤੇ ਬਿਦੇਸ਼ੀ ਡੀਪਾਰਟਮੈਂਟ ਤੋਂ ਗੁਪਤ ਰੀਪੋਰਟਾਂ ਲੈਂਦੀ ਹੈ। ਭਾਵੇਂ ਇਮੀਗਰੇਸ਼ਨ ਅਪੀਲ ਬੋਰਡ ਨੂੰ ਸਾਰੇ ਦੇਸ਼ਾਂ ਦੇ ਸਿਆਸੀ, ਆਰਥਕ ਤੇ ਸਮਾਜੀ ਹਾਲਾਤ ਦਾ ਪੂਰਾ ਗਿਆਨ ਨਹੀਂ ਹੁੰਦਾ ਪਰ ਉਹ ਕਈ ਦੇਸ਼ ਦੀਆਂ ਉਹਨਾਂ ਪਾਸ ਪਰੋਫਾਇਲਾਂ (ਰੇਖਾ ਚਿਤਰ) ਹੁੰਦੇ ਹਨ। ਕਨੇਡਾ ਦਾ ਇਮੀਗਰੇਸ਼ਨ ਮੈਨੂਅਲ ਦਾ ਸੈਕਸ਼ਨ 8.01 (4) (ਏ) ਆਖਦਾ ਹੈ ਕਿ "ਕੈਨੇਡਾ ਦਾ ਕਾਨੂੰਨ ਅਤੇ ਨੀਤੀ ਰਿਫੀਊਜ਼ੀ ਨੂੰ ਆਪਣਾ ਕਲੇਮ ਕਰਨ ਲਈ ਹਰ ਮੌਕਾ ਦੇਵੇ ਅਤੇ ਕਲੇਮ ਨੂੰ ਅੱਗੇ ਖੜਨ ਲਈ ਮਦਦ ਕਰੇ।" ਇਸ ਹੀ ਤਰ੍ਹਾਂ ਮੈਨੂਅਲ ਦਾ ਸੈਕਸ਼ਨ 8.11(2) ਆਖਦਾ ਹੈ ਕਿ "ਕਿਸੇ ਭੀ ਨਾਜਾਇਜ਼ ਜਿਸਮਾਨੀ ਤੇ ਆਰਥਕ ਤੰਗੀ ਦੇਣ ਦੀ ਥਾਂ ਕਲੇਮ ਕਰਨ ਵਾਲੇ ਨੂੰ ਅਰਜ਼ੀ ਦੇ ਨਤੀਜੇ ਦਾ ਇੰਤਜ਼ਾਰ ਕਰਨਾ ਸੰਭਵ ਬਣਾਉਣ ਜ਼ਰੂਰੀ ਹੈ।"

**ਰਿਫੀਊਜ਼ੀ ਨੂੰ ਕੱਢਣਾਂ** :- ਕਨਵੈਨਸ਼ਨ ਰਿਫੀਊਜ਼ੀ ਨੂੰ ਭੀ ਜ਼ਬਰਦਸਤੀ ਕੱਢਿਆ ਜਾ ਸਕਦਾ ਹੈ ਪਰ ਉਸ ਨੂੰ ਆਪਣੇ ਤੰਗੀ ਵਾਲੇ ਦੇਸ਼ ਵਿਚ ਨਹੀਂ ਭੇਜਿਆ ਜਾਏਗਾ। ਪਰ ਜੇ ਕਰ ਰਿਫੀਊਜ਼ੀ ਐਕਟ ਦੇ ਸੈਕਸ਼ਨ 95 ਦੇ ਅਧੀਨ ਆਉਂਦਾ ਹੈ ਤਾਂ ਉਸ ਨੂੰ ਆਪਣੇ ਤੰਗੀ ਵਾਲੇ ਦੇਸ਼ ਭੀ ਵਾਪਸ ਭੇਜਿਆ ਜਾ ਸਕਦਾ ਹੈ। ਕਈ "ਨੈਸ਼ਨਲ ਰਿਫੀਊਜ਼ੀਆਂ, ਜੋ ਜ਼ੁਲਮ ਵਾਲੇ ਦੇਸ਼ ਤੋਂ ਭੱਜ ਆਏ ਨੂੰ ਭੀ ਕਨਵੈਨਸ਼ਨ ਦੇ ਅਧੀਨ ਰੱਖਿਆ ਨਹੀਂ ਮਿਲ ਸਕਦੀ ਅਤੇ "ਪਲਾਊਟ ਰੀਪੋਰਟ" ਨੇ ਭੀ ਸਿਫਾਰਸ਼ ਕੀਤੀ ਹੈ ਕਿ ਕੱਢਣ ਅਤੇ ਸਮਾਪਤ ਕਰਨ ਦੀ ਧਾਰਾ ਕਾਨੂੰਨ ਵਿਚ ਲਿਆਂਦੀ ਜਾਵੇ (ਸਫਾ 61)। ਉਹ ਰਿਫੀਊਜ਼ੀ ਜਿਹਨਾਂ ਨੇ ਅਮਨ ਵਿਰੁੱਧ, ਜੰਗ ਦੇ ਜ਼ੁਰਮ ਜਾਂ ਮਨੁੱਖਤਾ ਵਿਰੁਧ ਜ਼ੁਰਮ ਕੀਤੇ ਹਨ, ਉਹਨਾਂ ਨੂੰ ਪਨਾਹ ਜਾਂ ਰੱਖਿਆ ਨਹੀਂ ਦਿਤੀ ਜਾ ਸਕਦੀ। ਉਹ ਵਿਅਕਤੀ ਜਿਹਨਾਂ ਨੇ ਸ਼ਰਨ ਵਾਲੇ ਦੇਸ਼ ਤੋਂ ਬਾਹਰ ਭੀ ਜੇਕਰ ਗੰਭੀਰ ਗੈਰ-ਸਿਆਸੀ ਜ਼ੁਰਮ ਕੀਤੇ ਹਨ, ਉਹ ਭੀ ਰੱਖਿਆ ਤੋਂ ਬਾਹਰ ਹਨ।

**ਕਨਵੈਨਸ਼ਨ ਰੀਫੀਊਜ਼ੀਆਂ ਨੂੰ ਸੁਰੱਖਿਆ ਦੇ ਆਧਾਰ ਤੇ ਕੱਢਿਆ ਜਾ ਸਕਦਾ ਹੈ :- ਜੇਕਰ ਉਹ ਤੋੜ ਫੋੜ ਜਾਂ ਜਾਸੂਸੀ ਕਰਦੇ ਜਾਂ ਕਰਨ ਬਾਰੇ ਜਾਇਜ਼ ਆਧਾਰ ਹੈ ਜਾਂ ਇਸ ਦਾ ਭੀ ਆਧਾਰ ਹੈ ਕਿ ਉਹ ਕਨੇਡਾ ਦੇ ਅੰਦਰੋਂ ਕਿਸੇ ਹੋਰ ਕਿਸੇ ਸਰਕਾਰ ਨੂੰ ਤੋੜ ਫੋੜ ਕਰਨ ਵਿਚ ਲੱਗੇ ਹੋਏ ਜਾਂ ਭੰਨ ਤੋੜ ਲਈ ਉਕਸਾਉਂਦੇ ਹਨ। ਜਾਂ ਇਸ ਗੱਲ ਦਾ ਆਧਾਰ ਹੈ ਕਿ ਉਹ ਕਨੇਡਾ ਦੇ ਅੰਦਰ ਲੋਕਾਂ ਦੀ ਸੁਰੱਖਿਆ ਤੇ ਜੀਵਨ ਨੂੰ ਖਤਮ ਕਰਨ ਜਾਂ ਡਰ ਪਾਉਣ ਲਈ ਹਿੰਸਕ ਕਾਰਵਾਈਆਂ ਵਿਚ ਲੱਗੇ ਹੋਏ ਹਨ।**

**"ਪਲਾਊਟ ਰੀਪੋਰਟ" ਸਿਫਾਰਸ਼ ਕਰਦੀ ਹੈ ਕਿ ਸਿਰ ਖਪਾਊ ਤੇ ਫਜ਼ੂਲ ਕਲੇਮ ਸਿਰਫ ਮੂੰਹ ਜ਼ਬਾਨੀ ਸੁਣਵਾਈ ਵਿਚ ਆਉਣੇ ਚਾਹੀਦੇ ਹਨ ਅਤੇ ਆਖਦੀ ਹੈ ਕਿ ਨਿਰ ਆਧਾਰਤ ਕਲੇਮਾਂ ਜਾਂ ਗਲਤ ਕਲੇਮਾਂ ਵਾਲੀ ਗਲ ਛੱਡਣੀ ਚਾਹੀਦੀ ਹੈ** ਅਤੇ ਜੋ ਕਲੇਮ ਦਾਖਲ ਹੀ ਨਹੀਂ ਹੋ ਸਕਦਾ ਉਸ ਬਾਰੇ ਤਾਂ ਕੈਟੇਗਰੀ ਬਣਾਈ ਜਾ ਸਕਦੀ ਹੈ। ਕੰਮ ਲਈ ਪਰਮਿਟ ਵਾਲੇ ਰਿਫੀਊਜ਼ੀਆਂ ਤੇ ਆਰਜ਼ੀ ਤੌਰ ਤੇ ਇਥੇ ਆਏ ਕਾਮਿਆਂ ਦਾ ਸੋਸ਼ਲ ਇਨਸ਼ੋਰੈਂਸ ਨੰਬਰ ਪੱਕੇ ਲੋਕਾਂ ਨਾਲ ਵੱਖਰਾ ਹੈ (ਤੇ ਉਸ ਦੇ ਅੱਗੇ "ਨੌ" ਹਿੰਦਸਾ ਜੁੜਦਾ ਹੈ)। ਅੱਗੇ ਨੂੰ ਸਪੈਸ਼ਲ ਡਾਕੂਮੈਂਟ ਜਾਂ ਆਈਡੈਂਟਿਟੀ ਹੋਵੇਗੀ।

**ਪਰਿਵਾਰ** :- ਇਮੀਗਰੇਸ਼ਨ ਮੈਨੂਅਲ ਦਾ ਸੈਕਸ਼ਨ 8.7 (2) ਅਧੀਨ ਰਿਫੀਊਜ਼ੀ ਆਪਣੇ ਜੀਵਨ ਸਾਥੀ (ਪਤੀ-ਪਤਨੀ) ਜਾਂ ਪਰਿਵਾਰ ਨੂੰ ਮੰਗਵਾਉਣ ਲਈ ਅਰਜ਼ੀ ਦੇ ਸਕਦਾ ਹੈ। ਜਦੋਂ ਉਸ ਨੂੰ ਕਨਵੈਨਸ਼ਨ ਰਿਫੀਊਜ਼ੀ ਮੰਨ ਲਿਆ ਜਾਵੇ ਤਾਂ "ਕਨੇਡੀਅਨ ਇਮੀਗਰੇਸ਼ਨ ਸੈਂਟਰ' ਬਾਹਰ ਦੇ ਕਨੇਡੀਅਨ ਸੈਂਟਰ (ਦੂਤ ਘਰ ਆਦਿ) ਨੂੰ ਨੋਟੀਫਾਈ ਕਰੇਗਾ ਅਤੇ ਵਜ਼ੀਰ ਦੇ ਪਰਮਿਟ ਨਾਲ ਪਰਿਵਾਰ ਨੂੰ ਛੇਤੀ ਮੰਗਵਾਉਣ ਬਾਰੇ ਵਿਚਾਰੇਗਾ ਅਤੇ ਪੱਕੀ ਰਿਹਾਇਸ਼ੀ ਵਾਲੇ ਰਿਫੀਊਜ਼ੀ ਦੇ ਪਰਿਵਾਰ ਨੂੰ ਭੀ ਕਨਵੈਨਸ਼ਨ ਰਿਫੀਊਜ਼ੀ ਦੀ ਮਾਣਤਾ ਦਿਤੀ ਜਾ ਸਕਦੀ ਅਤੇ ਵਜ਼ੀਰ ਦੇ ਪਰਮਿਟ ਨਾਲ ਪਹਿਲਾਂ ਆ ਸਕਦੇ ਹਨ।

**ਪ੍ਰਤੀਤ — ਇਤਬਾਰ** — ਭਾਵੇਂ ਕਿ ਜਾਅਲੀ ਕਲੇਮਾਂ ਬਾਰੇ ਭੀ ਗਲ ਆਈ ਅਤੇ ਵਜ਼ੀਰਾਂ ਨੇ ਅਜਿਹੇ ਦੇਸ਼ਾਂ ਦੇ ਨਾਮ ਭੀ ਲਏ ਪਰ ਹੁਣ ਆਮ ਰਾਏ ਤੇ ਖਾਸ ਕਰ ਸਰਕਾਰ ਤੇ ਉਸ ਦੀ ਅਫਸਰਸ਼ਾਹੀ ਦੀ ਇਹ ਸੋਚ ਹੈ ਕਿ ਸਭ ਰਿਫੀਊਜ਼ੀਆਂ ਦੇ ਕਲੇਮ ਦੇਖੋ, ਜਾਂਚ ਪੜਤਾਲ ਕਰੋ ਅਤੇ ਜੇ ਹੋ ਸਕੇ ਤਾਂ ਸਭ ਨੂੰ ਪੱਕੇ ਤੌਰ ਤੇ ਰਹਿਣ ਦਾ ਪਰਮਿਟ ਦਿਉ ਜੇਕਰ ਉਹ ਬਹੁਤ ਖਤਰਨਾਕ, ਜ਼ੁਰਮ ਕਰਨ ਵਾਲਾ ਆਦਿ ਨਹੀਂ। ਇਹ ਭੀ ਸਮਝ ਬਣੀ ਹੈ ਕਿ ਉਹਨਾਂ ਦੇ ਬਿਆਨਾਂ ਤੇ ਵਾਜਬ ਇਤਬਾਰ ਕੀਤਾ ਜਾਵੇ ਅਤੇ ਜ਼ਿਆਦਾ ਜਰ੍ਹਾ ਨਾ ਕੀਤਾ ਜਾਏ। ਪਨਾਹ ਦੇਣ ਲਈ ਇਹ ਭੀ ਸ਼ਬਦ ਹਨ ਕਿ "ਠੀਕ ਤੱਥਾਂ ਤੇ ਆਧਾਰਿਤ" ਅਤਿਆਚਾਰ ਦਾ ਡਰ" ਦੇ ਸਬੂਤ ਤੇ ਯਕੀਨ ਬਾਰ ਵਜ਼ੀਰ ਦੀਆਂ ਗਾਈਡ ਲਾਈਨਾਂ ਤਿੰਨ ਅਤੇ ਚਾਰ ਆਖਦੀਆਂ ਹਨ ਕਿ ਮੁਕਾਬਲਤਨ ਠੋਸ ਸੰਭਾਵਨਾ ਦੀ ਗਲ ਹੀ ਕਾਫੀ ਸਬੂਤ ਹੈ। 'ਡਰ' ਬਾਰੇ ਭੀ ਆਖਿਆ ਹੈ ਕਿ ਜੇ ਪਹਿਲਾਂ ਤੰਗੀ ਹੋਈ ਹੈ ਤਾਂ ਅਗਾਂਹ ਹੋ ਸਕਦੀ ਹੈ ਆਦਿ। ਜਾਂ ਜੇ ਉਸ ਦੇ ਹਾਲਾਤ ਵਿਚ ਹੋਰ ਕਿਸੇ ਨਾਲ ਅਤਿਆਚਾਰ ਹੋਇਆ ਤਾਂ ਉਹ ਗਲ 'ਡਰ' ਦੇ ਸਬੂਤ ਲਈ ਕਾਫੀ ਹੈ। ਇਸ ਹੀ ਤਰ੍ਹਾਂ "ਸਿਆਸੀ ਰਾਏ", "ਸੋਸ਼ਲ ਗਰੁਪ ਦੀ ਮੈਂਬਰਸ਼ਿਪ" ਆਦਿ ਬਾਰੇ ਭੀ ਕਾਫੀ ਨਰਮੀ ਹੈ। "ਜ਼ੁਲਮ" ਜਾਂ "ਅਤਿਆਚਾਰ" ਦੀ ਵਿਆਖਿਆ ਗਾਈਡ ਲਾਈਨ ਅੱਠ ਵਿਚ ਹੈ ਕਿ "ਬੇ-ਨੇਮਾ ਖੌਫ ਜਾਂ ਹਊਆ" ਭੀ ਜੋ ਮੁਕਾਬਲੇ ਦੇ ਤੌਰ ਤੇ ਥੋੜੀ ਜਿਹੀ ਤੰਗੀ ਜਾਂ ਪਰੇਸ਼ਾਨੀ ਭੀ ਅਤਿਆਚਾਰ ਹੈ। ਇਸ ਦੇ ਨਾਲ ਹੀ ਜਿਸਮਾਨੀ ਕਸ਼ਟ ਜਾਂ ਬਦਸਲੂਕੀ ਜਾਂ ਜੀਵਨ ਵਿਚ ਦਖਲ ਅੰਦਾਜ਼ੀ ਆਦਿ ਭੀ ਖਾਸ ਤੰਗ ਹੈ। ਪਰ ਕਿਸੇ ਭੀ ਐਕਟ ਜਾਂ ਰੈਗੂਲੇਸ਼ਨ ਵਿਚ ਅਤਿਆਚਾਰ ਦੀ ਵਿਆਖਿਆ ਨਹੀਂ।

**ਹੁਣ ਕਿਵੇਂ ਪੱਕੇ ਕਰਨੇ - ਨਵਾਂ ਢੰਗ** — 21 ਮਈ 1986 ਨੂੰ ਪਾਰਲੀਮੈਂਟ

ਵਿਚ ਇਮੀਗਰੇਸ਼ਨ ਦੇ ਸਟੇਟ ਵਜ਼ੀਰ ਸ੍ਰੀ ਵਾਲਟਰ ਮੇਕਲੀਨ ਨੇ ਆਖਿਆ ਕਿ "ਦੂਜੀ ਸੰਸਾਰ ਜੰਗ ਤੋਂ ਹੁਣ ਤੱਕ ਪੰਜ ਲੱਖ ਰਿਫੀਊਜ਼ੀ ਕਨੇਡਾ ਵਿਚ ਲਏ ਹਨ ਅਤੇ ਨਵੇਂ ਰਿਫੀਊਜ਼ੀ ਸਿਸਟਮ ਨੂੰ ਮਾਨਵਵਾਦੀ ਰੱਖਾਂਗੇ।" 21 ਮਈ 1986 ਤੱਕ ਰਿਫੀਊਜ਼ੀ ਕਲੇਮਾਂ ਨੂੰ ਪੰਦਰਾਂ ਜੁਲਾਈ ਤੋਂ ਇਕੱਲਾ ਇਕੱਲਾ ਕੇਸ "ਰਿਫੀਊਜ਼ੀ ਬੋਰਡ" ਅੱਗੇ ਜਾਏਗਾ ਅਤੇ 21 ਮਈ 1986 ਤੱਕ ਦੇ ਕੇਸਾਂ ਨੂੰ ਦੋ ਸਾਲ ਦੇ ਅੰਦਰ ਨਜਿਠਿਆ ਜਾਵੇਗਾ। ਰਿਫੀਊਜ਼ੀ ਅਰਜ਼ੀਆਂ ਵਾਲਿਆਂ ਨੂੰ ਚਿੱਠੀਆਂ ਰਾਹੀਂ ਦੱਸਿਆ ਜਾਵੇਗਾ ਅਤੇ ਮੂੰਹ ਜ਼ਬਾਨੀ ਸੁਣਵਾਈ ਹੋਵੇਗੀ। ਇਹ ਭੀ ਸ਼ਰਤ ਹੈ ਕਿ ਉਹ ਸੁਣਵਾਈ ਵਿਰੋਧੀ ਧਿਰਾਂ ਵਾਂਗ ਨਹੀਂ ਬਲਕਿ ਹਮਦਰਦੀ ਵਾਲੀ ਹੋਵੇਗੀ। ਬੋਰਡ ਆਜ਼ਾਦ ਹੋਵੇਗਾ ਕਿਉਂਕਿ ਇਮੀਗਰੇਸ਼ਨ ਬੋਰਡ ਜੁਦਾ ਹੋਵੇਗਾ। ਅੱਗੇ ਨੂੰ ਭੀ ਰਿਫੀਊਜ਼ੀਆਂ ਲਈ ਜੁਦਾ ਰਾਹ (ਪਰ 1986 ਤੋਂ ਪਿਛੋਂ ਦੀਆਂ ਰਿਫੀਊਜ਼ੀ ਅਰਜ਼ੀਆਂ ਨੂੰ ਪਹਿਲੇ ਸਿਸਟਮ ਵਿਚ ਨਜਿਠਆ ਜਾਵੇਗਾ) ਪੈਨਲ ਉਪਰ ਦੋ

ਮਾਹਰ ਹੋਣਗੇ ਅਤੇ ਜੇ ਇਕ ਨਾਂਹ ਵਿਚ ਹੈ ਤਾਂ ਰਿਫੀਊਜ਼ੀ ਨੂੰ ਰਹਿਣ ਦਾ ਹੱਕ ਮਿਲੇਗਾ। ਜੇ ਰਿਫੀਊਜ਼ੀ ਨੂੰ ਨਾਂਹ ਕਰਨੀ ਹੈ ਤਾਂ ਦੋਹਾਂ ਦਾ ਸਰਬ ਸੰਮਤੀ ਦਾ ਫੈਸਲਾ ਜ਼ਰੂਰੀ ਹੈ। ਨਾਂਹ ਪੱਖੀ ਜਵਾਬ ਦੇ ਮਸਲੇ ਤੇ ਇਜਾਜ਼ਤ ਨਾਲ ਕਨੇਡਾ ਦੀ ਫੇਡਰਲ ਕੋਰਟ ਪਾਸ ਅਪੀਲ ਹੋ ਸਕਦੀ ਹੈ। ਉਹਨਾਂ ਰਿਫੀਊਜ਼ੀਆਂ ਨੂੰ ਪੱਕੇ ਕਰਨਾ ਹੈ ਜਿਹਨਾਂ ਨੂੰ ਬਿਲਕੁਲ ਵਾਪਸ ਉਹਨਾਂ ਦੇਸ਼ਾਂ ਵਿਚ ਨਹੀਂ ਭੇਜਿਆ ਜਾ ਸਕਦਾ ਜਿਥੇ ਉਹਨਾਂ ਲਈ ਖਤਰਾ ਹੈ (ਅਤੇ ਉਹਨਾਂ ਦੇਸ਼ਾਂ ਦੀ ਲਿਸਟ ਹੈ ਜਿਵੇਂ ਸ੍ਰੀ ਲੰਕਾ, ਗੁਆਟੇਮਾਲਾ, ਐਲਸਿਲਵੇਡੋਰ, ਅਫਗਾਨਸਤਾਨ, ਈਰਾਨ, ਕੌਬੰਦੀਆ ਆਦਿ) ਉਹਨਾ ਰਿਫੀਊਜ਼ੀ ਕਲੇਮ ਵਾਲੇ ਜਿਹਨਾਂ ਦੇ ਇਥੇ ਰਿਸ਼ਤੇਦਾਰ, ਮਿੱਤਰ ਜਾਂ ਪਰਿਵਾਰ ਆਦਿ ਮਦਦ ਕਰਨ ਲਈ ਤਿਆਰ ਹਨ ਜਾਂ ਉਹ ਕੰਮ ਤੇ ਲੱਗੇ ਹੋਏ ਹਨ ਜਾਂ ਉਹਨਾਂ ਨੂੰ ਅੰਗਰੇਜ਼ੀ ਫਰਾਂਸੀਸੀ ਆਦਿ ਚੰਗੀ ਆਉਂਦੀ ਹੈ। ਜਿਸ ਦਾ ਭਾਵ ਕਿ ਉਹ ਆਸਾਨੀ ਨਾਲ ਚੰਗੀ ਤਰ੍ਹਾਂ ਕਨੇਡਾ ਤੇ ਕਨੇਡੀਅਨ ਸਮਾਜ ਵਿਚ ਰਹਿ ਸਕਦੇ ਅਤੇ ਅਰਥਚਾਰੇ ਵਿਚ ਹਿਸਾ ਪਾ ਸਕਦੇ ਹਨ। ਸੋ ਇਕੱਲਾ ਇਕੱਲਾ ਕੇਸ ਜਾਚਿਆ ਜਾਵੇਗਾ।

ਅੱਗੇ ਨੂੰ ਜੇ ਕੋਈ ਵਿਅਕਤੀ ਇਥੇ ਆਉਣ ਦੇ ਛੇ ਮਹੀਨੇ ਦੇ ਅੰਦਰ ਰਿਫੀਊਜ਼ੀ ਲਈ ਅਰਜ਼ੀ ਨਹੀਂ ਦਿੰਦਾ ਤਾਂ ਉਸ ਦਾ ਕਲੇਮ ਨਹੀਂ ਲਿਆ ਜਾਵੇਗਾ ਅਤੇ ਕੇਸ ਦੀ ਸੁਣਵਾਈ ਸੱਤ ਦਿਨ ਵਿਚ ਹੋਣ ਲਈ ਆਖਿਆ ਹੈ। ਪਰ ਇਸ ਪ੍ਰਬੰਧ ਵਾਰੇ ਰਿਫੀਊਜ਼ੀਆਂ ਸਬੰਧੀ ਪਾਰਲੀਮੈਂਟ ਵਿਚ ਬਿੱਲ ਹੈ ਅਤੇ ਛੇਤੀ ਹੀ ਦੂਜੀ ਰੀਡਿੰਗ ਹੋਣ ਵਾਲੀ ਹੈ। ਉਸ ਵਿਚ ਸਭ ਕੁਝ ਨਵੇਂ ਢੰਗ ਤਰੀਕੇ ਅਤੇ ਰਿਫੀਊਜ਼ੀ ਕਲੇਮ ਵਾਰੇ ਦਰਜ ਹੈ। ਉਹ ਨਵਾਂ ਕਾਨੂੰਨ ਅਤੇ ਰਿਫੀਊਜ਼ੀ ਕਲੇਮ ਪ੍ਰਬੰਧ ਬਾਰੇ ਅਪਰੈਲ 1987 ਤੋਂ ਲਾਗੂ ਹੋਵੇਗਾ। ਰਿਫੀਊਜ਼ੀ ਮਸਲਾ ਕਨੇਡਾ ਦੇ ਅੰਦਰੋਂ ਹੀ ਨਹੀਂ ਬਲਕਿ ਬਾਹਰ ਦੇ ਦੇਸ਼ਾਂ ਤੋਂ ਅਤੇ ਦੇਸ਼ਾਂ ਵਿਚ ਬੈਠੇ (ਕੈਂਪਾਂ ਵਿਚ) ਰਿਫੀਊਜ਼ੀਆਂ ਬਾਰੇ ਹੈ। ਉਸ ਅਪਰੈਲ 1987 ਤੋਂ ਲਾਗੂ ਹੋਣ ਵਾਲੇ ਬਿੱਲ ਵਿਚ ਸੋਧ ਕਰਾਉਣ ਲਈ ਐਮ. ਪੀਆਂ ਨੂੰ ਲਿਖ ਸਕਦੇ ਹੋ। 21 ਮਈ 1986 ਤੱਕ ਦੇ ਜੋ ਰਿਫੀਊਜ਼ੀ ਕਲੇਮ ਨਜਿੱਠਣੇ ਹਨ, ਉਹਨਾ ਸੰਬੰਧੀ 21 ਮਈ 1986 ਦਾ ਹੈਂਸਰਡ ਅਤੇ ਵਜ਼ੀਰ ਦਾ ਦਸ ਸਫੇ ਦਾ ਕਾਰਜਵਿਧੀ ਬਾਰੇ ਹਦਾਇਤਾਂ ਤੋਂ ਭੀ ਵਿਸਥਾਰ ਨਾਲ ਪਤਾ ਲੱਗ ਸਕਦਾ ਹੈ।

ਅਪਰੈਲ 1987 ਤੋਂ ਰਿਫੀਊਜ਼ੀਆਂ ਲਈ ਨਵੇਂ ਪ੍ਰਬੰਧ ਬਾਰੇ ਕਾਫੀ ਸ਼ੰਕੇ ਤੇ ਨੁਕਤਾਚੀਨੀਆਂ ਹਨ ਜਿਵੇਂ ਕਿ ਸਲਾਹਕਾਰ ਤੇ ਵਕੀਲ ਦੇਣ ਸੰਬੰਧੀ, ਕਨੇਡਾ ਦੀ ਫੈਡਰਲ ਅਪੀਲ ਕੋਰਟ ਵਿਚ ਅਪੀਲ ਤੇ ਮੁਹਾਰਤ ਬਾਰੇ, ਰਿਫੀਊਜ਼ੀ ਪੜਤਾਲ ਤੋਂ ਪਹਿਲਾਂ ਇੱਕਠੀ ਕੀਤੀ ਜਾਣਕਾਰੀ, ਰੀਫੀਊਜ਼ੀ ਕਲੇਮ ਦੇ ਸੱਤ ਦਿਨ ਅੰਦਰ ਸੁਣਵਾਈ ਅਤੇ ਪੈਨਲ ਉਪਰ ਦੋ ਤੋਂ ਵੱਧ ਮੈਂਬਰ ਰੱਖਣ ਬਾਰੇ ਵਿਚਾਰਾਂ ਹਨ।

ਸੋ ਹੁਣ 15 ਜੁਲਾਈ 1986 ਤੋਂ ਕਲੇਮ ਨਜਿੱਠਣ ਤੇ ਪੱਕੇ ਰਹਿਣ ਦੇ ਬਾਂਰੇ ਸੁਣਵਾਈ ਆਰੰਭ ਹੋਵੇਗੀ। ਨਾਲ ਹੀ 1987 ਤੋਂ ਨਵੇਂ ਆ ਰਹੇ ਪ੍ਰਬੰਧ ਬਾਰੇ ਆਪਣੇ ਵਿਚਾਰ ਭੇਜੋ। ●

# ਕਾਮਰੇਡ ਮੁਹਿੰਦਰ ਸਿੰਘ ਗਲਾਸਗੋ ਵਿਛੜ ਗਏ

ਗਲਾਸਗੋ — ਕਾਮਰੇਡ ਮੁਹਿੰਦਰ ਸਿੰਘ ਗਲਾਸਗੋ ਪਿਛਲੇ ਦਿਨੀਂ ਅਚਾਨਕ ਦਿਲ ਦਾ ਦੌਰਾ ਪੈਣ ਕਾਰਨ ਸਦਾ ਲਈ ਵਿਛੜ ਗਏ। ਉਹ ਬੜੇ ਸੂਝਵਾਨ ਵਿਅਕਤੀ ਸਨ। ਉਨ੍ਹਾਂ ਇੰਗਲੈਂਡ ਵਿਚ ਇੰਡੀਅਨ ਵਰਕਰਜ਼ ਐਸੋ: ਵਿਚ ਸਰਗਰਮ ਤੌਰ ਤੇ ਹਿਸਾ ਲਿਆ। ਐਮਰਜੈਂਸੀ ਦੇ ਕਾਲੇ ਦਿਨਾਂ ਵਿਚ ਇਸ ਦੇ ਵਿਰੋਧ ਲਈ ਅਣਥੱਕ ਕੰਮ ਕੀਤਾ ਸੀ। ਹੁਣ ਉਹ ਖਾਲਿਸਤਾਨ ਤੇ ਵੱਖਵਾਦੀ ਵਿਚਾਰਾਂ ਦੇ ਕੱਟੜ ਵਿਰੋਧੀ ਸਨ।

ਉਹ 1981-82 ਵਿਚ ਕੈਨੇਡਾ ਵੀ ਆਏ ਸਨ, ਇਥੇ ਉਨ੍ਹਾਂ ਦੀ ਲੜਕੀ ਦਾ ਪਰਵਾਰ ਰਹਿ ਰਿਹਾ ਹੈ। ਈਸਟ ਇੰਡੀਅਨ ਵਰਕਰਜ਼ ਐਸੋ: ਦੇ ਸਕੱਤਰ ਮੁਹਿੰਦਰ 'ਸੂਮਲ' ਨੇ ਅਤੇ 'ਸੂਫੀ' ਅਮਰਜੀਤ ਨੇ ਲੋਕਤਾ ਵਲੋਂ ਉਨ੍ਹਾਂ ਦੇ ਵਿਛੋੜੇ ਉਪਰ ਡੂੰਘਾ ਦੁੱਖ ਪ੍ਰਗਟ ਕੀਤਾ ਹੈ।

ਬਰੂਹਾਂ ਤੱਕ ਅੱਪੜਦੀਆਂ ਹੀ ਰਹਿ ਜਾਣ ਬਰਕਤਾਂ,
ਖੁਰਦਰਾ ਹੱਥ ਹੀ ਇਕ ਨਵੀਂ ਤਰੰਗ ਬਦਲੇਗਾ।
ਹਨੇਰੀਆਂ 'ਚ ਜਲਦੇ ਦੀਪ ਨੂੰ ਜਦ ਦੇਖ ਲਿਆ,
ਪਰਵਾਨੇ ਦੇ ਸੜਨ ਨੂੰ ਫਿਰ ਕਿਹੜਾ ਮਲੰਗ ਬਦਲੇਗਾ।


## ਸਟਾਰ ਫੈਬਰਿਕਸ

6563 Main St. Vancouver

ਹਰ ਤਰ੍ਹਾਂ ਦੇ ਸੂਟ, ਸਾੜ੍ਹੀਆਂ, ਸ਼ਾਲ ਆਦਿ ਵਾਜਬ ਕੀਮਤਾਂ
ਉਪਰ ਖਰੀਦਣ ਲਈ ਦਰਸ਼ਨ ਦਿਓ
ਵਿਆਹ ਸ਼ਾਦੀਆਂ ਲਈ ਬਰੀ ਅਤੇ ਹੋਰ ਕੱਪੜਿਆਂ ਉਪਰ
ਵਿਸ਼ੇਸ਼ ਰਿਆਇਤ

**Star Fabrics Ph. 325-0922**

# ਵਿਕਾਸਸ਼ੀਲ ਦੇਸ਼ਾਂ ਦੇ ਕਰਜ਼ਿਆਂ ਦੀ ਮੁੜ ਬਣਤਰ

ਕਰਜ਼ਾਈ ਵਿਕਾਸਸ਼ੀਲ ਦੇਸਾਂ ਨੇ ਆਪਣੀਆਂ ਆਰਥਕਤਾਵਾਂ ਦੀ ਮੰਦੀ ਹਾਲਤ ਕਾਰਨ ਅਸਲ ਰਕਮਾਂ ਤਾਂ ਕੀ ਮੋੜਨੀਆਂ ਸਨ, ਉਹਨਾਂ ਲਈ ਸਮੇਂ ਸਿਰ ਸੂਦ ਅਦਾ ਕਰਨਾ ਵੀ ਮੁਸ਼ਕਲ ਹੋ ਗਿਆ ਹੈ। ਇਹਨਾਂ ਕਰਜ਼ਾਈਆਂ ਦੀ ਪੂਰੀ ਤਰ੍ਹਾਂ ਅਤੇ ਸਮੇਂ ਸਿਰ ਆਪਣੀ ਜ਼ਿੰਮੇਵਾਰੀ ਨਿਭਾਉਣ ਬਾਰੇ ਅਸਮਰਥਾ ਦੇ ਨਤੀਜੇ ਵਜੋਂ ਪਿਛੇ ਜਿਹੇ ਦੋ ਸਾਲਾਂ ਵਿਚ ਉਹਨਾਂ ਦੇ ਕਰਜ਼ਿਆਂ ਦੀ 'ਮੁੜ ਬਣਤਰ' ਵਾਪਰੀ ਹੈ, ਭਾਵ ਜਾਂ ਤਾਂ ਉਹ ਥੋੜੀ ਮੁਦਤ ਤੋਂ ਲੰਮੀ ਮੁਦਤ ਦੇ ਬਣਾ ਦਿਤੇ ਗਏ ਹਨ ਜਾਂ ਅਦਾਇਗੀ ਹੋਰ ਬਹੁਤੀ ਪਿਛੇ ਪਾ ਦਿਤੀ ਗਈ ਹੈ ਤੇ ਕਈ ਵਾਰ ਹੋਰ ਬਹੁਤੇ ਕਰਜ਼ੇ ਦਿਤੇ ਗਏ ਹਨ, ਤਾਂ ਜੋ ਕਰਜ਼ਈ ਉਹ ਅਦਾਇਗੀਆਂ ਕਰ ਸਕਣ ਜੋ ਕਰਨੀਆਂ ਬਣਦੀਆਂ ਹਨ।

1975-1983 ਵਿਚ ਅਜਿਹੀ ਕਾਰਵਾਈ 34 ਦੇਸਾਂ ਦੇ ਸਬੰਧ ਵਿਚ 84 ਵਾਰ ਕੀਤੀ ਗਈ। ਇਹ ਗਲ ਵਰਨਣਯੋਗ ਹੈ ਕਿ 'ਮੁੜ ਬਣਤਰ' ਦਾ ਪੈਮਾਨਾ ਵਧਦਾ ਹੀ ਰਿਹਾ (1975-1980=13 ਅਰਬ 70 ਕਰੋੜ ਡਾਲਰ 1981=5 ਅਰਬ 70 ਕਰੋੜ ਡਾਲਰ ਅਤੇ 1983=67 ਅਰਬ 30 ਕਰੋੜ ਡਾਲਰ) ਇਹ ਗਲ ਸਪਸ਼ਟ ਕਰਦੀ ਹੈ ਕਿ ਵਿਕਾਸਸ਼ੀਲ ਦੇਸ ਰਵਾਇਤੀ ਸਾਧਨਾਂ ਨਾਲ ਆਪਣੇ ਕਰਜ਼ੇ ਮੋੜਨ ਤੋਂ ਅਸਮ-ਰਥ ਹਨ। ਪਹਿਲਾਂ 'ਮੁੜ ਬਣਤਰ' ਮੁੱਖ ਕਰਜ਼ਾ ਦਾਤਾ ਦੇਸਾਂ ਦੀਆਂ ਸਰਕਾਰਾਂ ਦੇ ਪੈਰਿਸ ਕਲੱਬ ਦੇ ਚੌਖਟੇ ਵਿਚ ਅਮਲ ਵਿਚ ਲਿਆਂਦੀ ਗਈ ਸੀ। ਹੁਣ ਅਜਿਹੇ ਸੌਦਿਆਂ ਦੀ ਪਰਵਾਨਗੀ ਪਹਿਲਾਂ ਕੌਮਾਂ-ਤਰੀ ਮਾਇਕ ਫੰਡ ਨੇ ਦੇਣੀ ਹੁੰਦੀ ਹੈ। ਉਹ ਅਜਿਹੀਆਂ ਸਿਫਾਰਸ਼ਾਂ ਕਰਦਾ ਹੈ ਜੋ ਕਰਜ਼ਾਈ ਦੇਸ ਨੇ ਆਪਣੀ ਆਰਥਕ ਨੀਤੀ ਵਿਚ ਹਰ ਹਾਲਤ ਮੰਨਣੀਆਂ ਹੀ ਹੁੰਦੀਆਂ ਹਨ ਅਤੇ ਜਿਨਾਂ ਦਾ ਮੰਤਵ ਇਹ ਜ਼ਾਮਨੀ ਕਰਨਾ ਹੁੰਦਾ ਹੈ ਕਿ ਕਰਜ਼ੇ ਅੰਤ ਨੂੰ ਮੋੜ ਦਿਤੇ ਜਾਣਗੇ। ਆਮ ਕਰਕੇ ਅਜਿਹੇ ਕਦਮਾਂ ਵਿਚ ਜਨਤਕ ਖਰਚੇ, ਦਰਾਮਦਾਂ ਤੇ ਘਰੇਲੂ ਖਪਤ ਵਿਚ ਕਟੌਤੀ ਅਤੇ ਘਟ ਦੇਸੀ ਕਰਜ਼ਾ ਸ਼ਾਮਲ ਹੁੰਦੇ ਹਨ ਭਾਵ ਉਹ ਗਲਾਂ ਜੋ ਵਿਕਾਸ ਦਾ ਰਾਹ ਰੋਕਦੀਆਂ ਹਨ ਅਤੇ ਸਖਤ ਸਮਾਜਕ ਰੋਸ ਪੈਦਾ ਕਰਦੀਆਂ ਹਨ (ਅਣ ਐਲਾਨੇ ਰੂਪ ਵਿਚ ਇਹ ਫੰਡ ਇਕ ਨਿਸਚਿਤ ਰਾਜਨੀ-ਤਕ ਨੀਤੀ ਉਤੇ ਤੁਰਦਾ ਹੈ ਅਤੇ ਕਿਊਬਾ ਅਫਗਾਨਿਸਤਾਨ, ਸੀਰੀਆ, ਕਾਂਗੋ ਅਤੇ ਬੇਨਿਨ ਜਿਹੇ ਦੇਸਾਂ ਨੂੰ ਉਹਤੋਂ ਕਦੀ ਵੀ ਕਰਜ਼ਾ ਨਹੀਂ ਮਿਲਿਆ।) ਅਜਿਹੇ ਪ੍ਰੋ-ਗਰਾਮ ਲਾਈਬੇਰੀਆ, ਪੇਰੂ, ਸੈਨੇਗਾਲ ਤੇ ਸੂਡਾਨ ਉਤੇ ਚਾਰ ਵਾਰ, ਟੋਗੋ ਤੇ ਤੁਰਕੀ ਉਤੇ ਪੰਜ ਵਾਰ ਅਤੇ ਜ਼ਾਇਰੇ ਉਤੇ ਛੇ ਵਾਰ ਮੜ੍ਹੇ ਗਏ ਹਨ। ਮੈਕਸੀਕੋ, ਬਰਾਜ਼ੀਲ ਅਤੇ ਵੈਨਜ਼ੂਏਲਾ ਦੀਆਂ ਆਰਥਤਾਵਾਂ ਉਤੇ ਉਹਨਾਂ ਨੇ ਖਾਸ ਕਰਕੇ ਭਾਰੀ ਅਸਰ ਪਾਇਆ (ਇਹਨਾਂ ਦੇਸਾਂ ਨੇ ਬੇਨਤੀ ਕੀਤੀ ਕਿ 1985 ਵਿਚ ਉਹਨਾਂ ਦੀ ਲੜੀਵਾਰ 48 ਅਰਬ 60 ਕਰੋੜ ਡਾਲਰ 43, ਅਰਬ 50 ਕਰੋੜ ਡਾਲਰ ਅਤੇ 21 ਅਰਬ ਡਾਲਰ ਦੀ ਅਦਾਇਗੀ ਪਿਛੇ ਪਾਈ ਜਾਵੇ)। ਉਹਨਾਂ ਸਾਹਮਣੇ ਵਧਦੀ ਹੋਈ ਗਰੀਬੀ, ਵਧਦੀ ਹੋਈ ਬੇਰੁਜ਼ਗਾਰੀ ਵਿਆਪਕ ਪੈਮਾਨੇ ਉਤੇ ਦੀਵਾਲੀਆਪਣ ਅਤੇ ਇਦਾਰਿਆਂ ਦੇ ਬੰਦ ਹੋਣ ਜ਼ਿਹੀਆਂ ਸਮੱਸਿਆਵਾਂ ਖਲੋਤੀਆਂ ਹਨ।

'ਮੁੜ ਬਣਤਰ' ਕਰਜ਼ੇ ਨੂੰ ਆਮ ਕਰਕੇ ਵਧੇਰੇ ਮਹਿੰਗਾ ਬਣਾ ਦਿੰਦੀ ਹੈ। ਇਹਦਾ ਕੁਝ ਕਾਰਨ ਤਾਂ ਇਹ ਹੁੰਦਾ ਹੈ ਕਿ ਉਹਦੀ ਅਦਾਇਗੀ ਦੀ ਮੁਦਤ ਵਧ ਜਾਂਦੀ ਹੈ ਅਤੇ ਕੁਝ ਇਸ ਕਰਕੇ ਕਿ ਇਸ ਕਾਰਵਾਈ ਦੇ ਆਪਣੇ ਨਾਲ ਦੀ ਕਮਿਸ਼ਨ ਫੀਸ ਦੀ ਅਦਾਇਗੀ ਜੁੜੀ ਹੋਈ ਹੈ। ਖੋਜ ਤੇ ਵਿਕਾਸ ਬਾਰੇ ਕੌਮਾਂਤਰੀ ਬੈਂਕ ਦੇ ਮਾਹਿਰਾਂ ਵਲੋਂ ਲਾਏ ਗਏ ਅੰਦਾਜ਼ਿਆਂ ਅਨੁਸਾਰ ਵਿਕਾਸਸ਼ੀਲ ਦੇਸਾਂ ਦੇ ਸਿਰ ਚੜ੍ਹੇ ਹੋਏ ਮੌਜੂਦ ਕਰਜ਼ਿਆਂ ਦੀ ਮੁੜ-ਵਾਈ ਵੀ 1990 ਤਕ ਪਿਛੇ ਪੈ ਜਾਵੇਗੀ 1985=1 ਖਰਬ ਡਾਲਰ, 1986=1 ਖਰਬ 2 ਅਰਬ ਡਾਲਰ, 1987=83 ਅਰਬ ਡਾਲਰ, 1988=77 ਅਰਬ ਡਾਲਰ, 1989=51 ਅਰਬ ਡਾਲਰ ਅਤੇ 1990=44 ਅਰਬ ਡਾਲਰ)। ਇਸ ਦੌਰਾਨ ਇਹ ਕਰਜ਼ੇ ਯਕੀਨੀ ਤੌਰ ਉਤੇ ਵਧਦੇ ਹੀ ਜਾਣੇ ਹਨ, ਕਿਉਂਕਿ ਉਹ ਕਾਰਨ ਦੂਰ ਨਹੀਂ ਹੋਏ ਜਿਨਾਂ ਨੇ ਇਹ ਲੈਣੇ ਜ਼ਰੂਰੀ ਬਣਾਏ ਸਨ।


**Frick's Glass & Mirrors**

3743 Main St. (at 22 Ave.), Vancouver, B.C.

**Ph. (604)872-1821**

ਬਹੁਤ ਸਸਤੇ ਤੇ ਵਾਜਬ ਭਾਅ ਤੇ — ਕਿਸੇ ਭੀ ਸਾਈਜ਼ ਦੇ ਕਟਵਾ ਸਕਦੇ ਹੋ

• ਖਿੜਕੀਆਂ, ਦਰਵਾਜ਼ਿਆਂ ਦੇ ਸ਼ੀਸ਼ੇ • ਸਲਾਈਡਿੰਗ ਡੋਰ • ਮੂੰਹ ਵੇਖਣ ਵਾਲੇ ਸ਼ੀਸ਼ੇ • ਤਸਵੀਰਾਂ ਦੇ ਫਰੇਮਾਂ ਲਈ • ਦੋਹਰੀਆਂ ਖਿੜਕੀਆਂ ਬਹੁਤ ਸਸਤੇ ਭਾਅ ਤੇ

**ਇਸ ਕੂਪਨ ਨਾਲ 10% ਰਿਆਇਤ**

ਪੁਰਾਣੇ ਸ਼ੀਸ਼ਿਆਂ ਤੇ ਝਾਲ ਵੀ ਚੜ੍ਹਾਉਂਦੇ ਹਨ

ਤਰਕਾਲ ਵੀ ਬਣ ਬਣ ਕੇ ਸਵੇਰਾ ਚਮਕੇ ।
ਵੀਹ ਵੀਹ ਤੇ ਘਰ ਘਰ ਦਾ ਬਨੇਰਾ ਚਮਕੇ ।
ਉੱਘੜੇ ਜਾਂ ਸ਼ਹੀਦਾਂ ਦੇ ਲਹੂ ਦੀ ਰੰਗਤ;
ਤਦ ਕੌਮ ਦੇ ਇਤਿਹਾਸ ਦਾ ਚਿਹਰਾ ਚਮਕੇ ।

ਅਮਲਾਂ ਦੇ ਸਿਆਹ ਰੰਗ ਦੇ ਚਿੱਟੇ ਤੇ ਚਲਾ ।
ਵਿਹਲੜ ਤੇ ਚਲਾ ਨੀਤ ਦੇ ਫਿੱਟੇ ਤੇ ਚਲਾ ।
ਸਿੱਟੇ ਤੇਰੀ ਕਣਕ ਦੇ ਲਿਤਾੜੇ ਜਿਹੜਾ,
'ਬਿਸਮਿਲ' ਤੂੰ ਗੁਲੇਲ ਉਸਦੇ ਗਿੱਟੇ ਤੇ ਚਲਾ ।

# ਸ੍ਰੀ ਮਲਕੀਅਤ ਸਿੰਘ ਸਿੱਧੂ ਤੇ ਕਾਤਲਾਨਾ ਹਮਲੇ ਦੀ ਨਿਖੇਧੀ

ਈਸਟ ਇੰਡੀਅਨ ਵਰਕਰਜ਼ ਐਸੋ: ਆਫ ਕੈਨੇਡਾ ਸ੍ਰੀ ਮਲਕੀਅਤ ਸਿੰਘ ਸਿੱਧੂ ਜੋ ਕਿ ਪੰਜਾਬ ਦੀ ਅਕਾਲੀ ਸਰਕਾਰ ਵਿਚ ਪਲੈਨਿੰਗ ਮਨਿਸਟਰ ਹਨ ਅਤੇ ਜੋ ਇਥੇ ਆਪਣੇ ਨਜ਼ਦੀਕੀ ਰਿਸ਼ਤੇਦਾਰ ਦੀ ਸ਼ਾਦੀ ਦੀ ਰਸਮ ਵਿਚ ਸ਼ਾਮਲ ਹੋਣ ਲਈ ਆਏ ਹੋਏ ਸਨ ਤੇ 25 ਮਈ ਨੂੰ ਅਤਿਵਾਦੀਆਂ ਵਲੋਂ ਕੀਤੇ ਕਾਤਲਾਨਾ ਹਮਲੇ ਦੀ ਸਖਤ ਸ਼ਬਦਾਂ ਵਿਚ ਨਿਖੇਧੀ ਕਰਦੀ ਹੈ। ਇਥੇ ਵਸਦੀ ਸਾਰੀ ਪੰਜਾਬੀ ਕਮਿਊਨਿਟੀ ਨੂੰ ਅਪੀਲ ਕਰਦੀ ਹੈ ਕਿ ਇਹਨਾਂ ਅਨਸਰਾਂ ਦੀਆਂ ਚਾਲਾਂ ਨੂੰ ਪਿਛਾਣਨ। ਆਪਸੀ ਸਦਭਾਵਨਾ ਨੂੰ ਜੋ ਸੱਟ ਪਿਛਲੇ ਦੋ ਸਾਲਾਂ ਤੋਂ ਲਗ ਰਹੀ ਹੈ ਅਤੇ ਜੋ ਸਮੁੱਚੀ ਭਾਰਤੀ ਕਮਿਊਨਿਟੀ ਦਾ ਇਥੋਂ ਦੀ ਸਮੁੱਚੀ ਕੈਨੇਡੀਅਨ ਵਸੋਂ ਸਾਹਮਣੇ ਅਜਿਹੀਆਂ ਕਾਰਵਾਈਆਂ ਨਾਲ ਵਕਾਰ ਘਟਿਆ ਹੈ, ਨੂੰ ਬਚਾਉਣ ਲਈ ਇਹਨਾਂ ਮੁੱਠੀਭਰ ਅਨਸਰਾਂ ਨਾਲੋਂ ਨਿਖੇੜਾ ਕਰੇ।

ਅਸੀਂ ਕੈਨੇਡਾ ਸਰਕਾਰ ਅਤੇ ਉਸ ਦੀਆਂ ਰੱਖਿਆ ਏਜੰਸੀਆਂ ਨੂੰ ਦੋਸ਼ੀ ਕਰਾਰ ਦਿੰਦੇ ਹਾਂ ਜਿਨ੍ਹਾਂ ਮੁੱਢ ਤੋਂ ਹੀ ਅਤਿਵਾਦੀ-ਵਖਵਾਦੀ ਅਨਸਰਾਂ ਨੂੰ ਮਨਮਾਨੀਆਂ ਕਰਨ ਦੀ ਖੁੱਲ ਦੇਈ ਰੱਖੀ। ਜਿਸ ਨਾਲ ਇਨ੍ਹਾਂ ਦੇ ਹੌਂਸਲੇ ਇਕ ਪਿਛੋਂ ਦੂਜਾ ਖਰੂਦੀ ਕਾਰਾ ਕਰਨ ਲਈ ਵਧੇ। ਕੀ ਇਸ ਤਰ੍ਹਾਂ ਦਾ ਵਤੀਰਾ ਕੈਨੇਡਾ ਸਰਕਾਰ ਦੀ ਚੁਪ ਦਹਿਸ਼ਤਪਸੰਦੀ ਦੀ ਨੀਤੀ ਦਾ ਕੋਈ ਅੰਗ ਹੈ ?

ਏਥੇ ਅਸੀਂ ਭਾਰਤ ਸਰਕਾਰ ਦੀ ਸੁਲਝਾਏ ਜਾ ਚੁੱਕੇ ਪੰਜਾਬ ਦੇ ਮਸਲੇ ਦੇ ਫੈਸਲੇ ਨੂੰ ਲਾਗੂ ਨਾ ਕਰਨ ਅਤੇ ਅਕਾਲੀ ਪਾਰਟੀ ਦੀ ਵੱਖਵਾਦੀਆਂ ਪ੍ਰਤੀ ਉਦਾਰਤਾ ਤੇ ਮਿਲਵਰਤਣ ਵਾਲੀਆਂ ਨੀਤੀਆਂ ਨੂੰ ਵੀ ਦੋਸ਼ੀ ਕਰਾਰ ਦਿੰਦੇ ਹਾਂ ਜਿਨ੍ਹਾ ਇਨ੍ਹਾਂ ਨੂੰ ਲੋਕਾਂ ਵਿਚ ਫਿਰ ਸਿਰ ਛੁਪਾਉਣ ਲਈ ਮੌਕਾ ਦਿਤਾ। ਜੇਕਰ ਅਕਾਲੀ ਪਾਰਟੀ ਹੁਣ ਵਾਲੀ ਦਰਿੜ ਨੀਤੀ ਨੂੰ ਕਾਇਮ ਰੱਖੇ ਤਾਂ ਇਹ ਤੱਤ ਆਮ ਲੋਕਾਂ ਤੋਂ ਸਪਸ਼ਟ ਰੂਪ ਵਿਚ ਨਿਖੇੜੇ ਜਾ ਸਕਦੇ ਹਨ।

ਅਸੀਂ ਅਤਿਵਾਦੀਆਂ ਵਲੋਂ ਕੈਨੇਡਾ ਵਿਚ ਕੀਤੀਆਂ ਜਾ ਰਹੀਆਂ ਸਾਰੀਆਂ ਗੈਰ-ਕਾਨੂੰਨੀ ਹਰਕਤਾਂ ਦੀ ਭਰਪੂਰ ਨਿਖੇਧੀ ਕਰਦੇ ਹਾਂ ਅਤੇ ਸਰਕਾਰ ਉਪਰ ਜ਼ੋਰ ਦਿੰਦੇ ਹਾਂ ਕਿ ਉਹ ਇਸ ਮਾਮਲੇ ਦੀ ਡੂੰਘਾਈ ਨਾਲ ਜਾਂਚ ਕਰੇ ਅਤੇ ਇਸ ਦੇ ਦੂਰ ਪਿਛੋਕੜ ਵਿਚ ਜਾ ਕੇ ਦੋਸ਼ੀਆਂ ਨੂੰ ਸਖਤ ਸਜ਼ਾ ਦੇਣ ਲਈ ਕਦਮ ਚੁੱਕੇ।

ਪ੍ਰਧਾਨ - ਸੁਰਿੰਦਰ ਸਿੰਘ ਸੰਘਾ — ਸਕੱਤਰ - ਮਹਿੰਦਰ ਸੂਮਲ

ਹੱਕ-ਹਰਫ ਨੂੰ ਕੌਣ ਮਿਟਾਵੇ, ਉੱਚੀ ਆਖ ਸੁਣਾਈਏ ।
ਸਮਿਆਂ ਦੀ ਬੇਕਿਰਕ ਸਲੀਬੋਂ, ਸੱਚ ਮਸੀਹਾ ਲਾਹੀਏ ।
ਬੇਸ਼ਕ ਆਪਣਾ ਝੁੱਗਾ* ਸੜਿਆ, ਪਿੰਡ ਦੀ ਖ਼ੈਰ ਮਨਾਈਏ ।
ਉਠ ਬੁੱਲ੍ਹਿਆ, ਛੱਡ ਸੁਰਾਂ ਮਾਤਮੀ, ਸੱਚ ਸਮੇਂ ਦਾ ਗਾਈਏ ।

ਅਣਕੀਤੇ ਜੁਰਮਾਂ ਦੀਆਂ ਸਾਥੋਂ, ਭੋਗ ਨਾ ਹੋਣ ਸਜ਼ਾਵਾਂ ।
ਦੱਸ ਬੁੱਲ੍ਹਿਆ ! ਤੈਨੂੰ ਪਿੰਡੋਂ ਬਾਹਰ, ਕਿੱਥੇ ਮੈਂ ਛੱਡ ਆਵਾਂ ।


ਜਗਦੀਸ਼ ਸਿੰਘ ਨੋਟਰੀ ਪਬਲਿਕ
(ਬੀ. ਏ. ਐਲ. ਐਲ. ਬੀ. (ਪੰਜਾਬ ਯੂਨੀਵਰਸਿਟੀ)



ਜਗਦੀਸ਼ ਸਿੰਘ B.A.LL.B. (Pb.U.)
(ਸਾਬਕਾ ਐਡਵੋਕੇਟ ਪੰਜਾਬ ਹਾਈਕੋਰਟ)

ਜਿਨ੍ਹਾਂ ਦੇ ਦਫਤਰ ਵਿਚ ਨੋਟਰੀ ਪਬਲਿਕ ਦੇ ਆਮ ਕੰਮ ਕੀਤੇ ਜਾਂਦੇ ਹਨ ਜਿਵੇਂ ਕਿ :—
- ਘਰ ਜਾਂ ਜ਼ਮੀਨ ਖ੍ਰੀਦਣ, ਵੇਚਣ ਲਈ ਜਾਂ ਮੋਰਗੇਜ ਲੈਣ, ਦੇਣ ਜਾਂ ਕੈਂਸਲ ਕਰਨੀ ਆਦਿ ਦੇ ਕਾਗਜ਼ਾਤ ਤਿਆਰ ਕਰਨੇ ਅਤੇ ਰਜਿਸਟਰੀ ਕਰਵਾਉਣੀ
- ਵਸੀਅਤ, ਮੁਖਤਿਆਰਨਾਮੇ, ਐਫੀਡੈਵਿਟ, ਡੈਕਲਾਰੇਸ਼ਨ, ਐਗਰੀਮੈਂਟ, ਬਾਹਰੋਂ ਆਏ ਰਿਸ਼ਤੇਦਾਰਾਂ ਲਈ "ਰਾਹਦਾਰੀ"
- ਪਾਸਪੋਰਟ ਨਾਂ ਦੀ ਤਬਦੀਲੀ

ਅਤੇ ਇੰਮੀਗਰੇਸ਼ਨ
ਦੇ ਆਮ ਮਸਲੇ ਤੇ ਇੰਮੀਗਰੇਸ਼ਨ ਅਪੀਲ ਬੋਰਡ ਦੇ ਕੇਸ ਲੜਨ ਲਈ ਜਾਣਕਾਰੀ ਤੇ ਯੋਗ ਸਹਾਇਤਾ
ਭਾਰਤੀ ਕਾਨੂੰਨਾਂ ਸੰਬੰਧੀ ਹਰ ਕਿਸਮ ਦਾ ਕੰਮ

ਸੋਮਵਾਰ ਤੋਂ ਸ਼ੁਕਰਵਾਰ ਤੱਕ 9.00 AM T0 5.00 PM.
ਸਨਿਚਰਵਾਰ 9.00 AM To 2.00PM.

#201 - 2001 East 36th Ave. [at victoria]
Vancouver. B.C. V5P 1C9

Off. 324-6727
Res. 324-4160

ਖਰਚਿਆਂ ਅਨੁਸਾਰ ਕਣਕ ਦਾ ਯੋਗ ਭਾਅ ਨਹੀਂ ਨੀਯਤ ਕੀਤਾ। ਪਰ ਕਿਸਾਨਾਂ ਨੂੰ ਇਸਦੇ ਨਾਲ ਹੀ ਵੱਖਵਾਦੀ ਦਹਿਸ਼ਤ-ਵਾਦੀ ਤੱਤਾਂ ਵਿਰੁਧ ਗੁਸਾ ਹੈ ਕਿ ਇਹਨਾਂ ਦੀਆਂ ਸਰਗਰਮੀਆਂ ਕਾਰਨ, ਬਾਹਰੋਂ ਲੇਬਰ ਘਟ ਆਈ ਹੈ। ਜਿਸ ਕਰਕੇ ਫਸਲ ਖਰਾਬ ਹੋ ਰਹੀ ਹੈ। ਉਹਨਾਂ ਨੂੰ ਇਹ ਵੀ ਚਿੰਤ ਹੈ ਕਿ ਜੇ ਏਹੋ ਹਾਲ ਰਿਹਾ ਤਾਂ ਝੋਨੇ ਦੀ ਲਵਾਈ ਲਈ ਵੀ ਲੋੜੀਂਦੀ ਲੇਬਰ ਨਹੀਂ ਮਿਲੇਗੀ।

ਦੂਸਰੇ ਹੱਥ ਕਿਸਾਨਾਂ ਨੂੰ ਆੜ੍ਹ-ਤੀਆਂ ਪਾਸੋਂ ਪੇਸ਼ਗੀ ਰਕਮਾਂ ਜੋ ਇਹਨਾਂ ਦਿਨਾਂ 'ਚ ਫਸਲ ਦੀ ਸੰਭਾਲ ਲਈ ਮਿਲ ਜਾਂਦੀਆਂ ਸਨ, ਉਹ ਨਹੀਂ ਮਿਲ ਰਹੀਆਂ ਆੜ੍ਹਤੀ ਵੀ ਮੌਜੂਦਾ ਸਥਿਤੀ ਤੋਂ ਬੁਰੀ ਤਰਾਂ ਪ੍ਰਭਾਵਿਤ ਹਨ। ਉਹ ਕੋਈ ਖਤਰਾ ਲੈਣ ਲਈ ਤਿਆਰ ਨਹੀਂ।

ਇਸ ਤਰਾਂ ਵੱਖਵਾਦੀ ਦਹਿਸ਼ਤ-ਵਾਦੀ ਤੱਤਾਂ ਦੀਆਂ ਦੂਰ-ਕਾਰਵਾਈਆਂ ਨੇ ਪੰਜਾਬ ਦੀ ਸਨਅਤ ਵਪਾਰ ਖੇਤੀਬਾੜੀ ਦਾ ਭਾਰੀ ਨੁਕਸਾਨ ਕੀਤਾ ਹੈ ਅਤੇ ਇਨਾਂ ਨੂੰ ਡੂੰਘੇ ਸੰਕਟ ਵਿਚ ਫਸਾ ਦਿਤਾ ਹੈ। ਹੁਣ ਜਦੋਂ ਇਹ ਕੁਝ ਸਕੂਲਾਂ 'ਚ ਜਾ ਕੇ ਹਮਲੇ ਕਰਨ ਲਗੇ ਹਨ ਤਾਂ ਪੰਜਾਬ ਦੀ ਵਿਦਿਅਕ ਪ੍ਰਣਾਲੀ ਵੀ ਠੱਪ ਹੋਣ ਵਲ ਤੁਰੇਗੀ। ਆਮ ਅਸੁਰਖਿਆ ਦੀ ਭਾਵਨਾ ਹੋਰ ਵਧੇਗੀ।

ਇਹਨਾਂ ਦੇਸ਼ ਦੁਸ਼ਮਣ ਸਮਾਜ ਦੁਸ਼ਮਣ ਤੱਤਾਂ ਦੀਆਂ ਸਰਗਰਮੀਆਂ ਨੇ ਸਮੁਚੇ ਪੰਜਾਬੀਆਂ ਨੂੰ ਵੰਗਾਰਿਆ ਹੈ। ਇਸ ਵੰਗਾਰ ਦਾ ਟਾਕਰਾ ਕਰਨ ਲਈ ਸਮੁਚੇ ਪੰਜਾਬੀਆਂ ਨੂੰ ਇਕਮੁਠ ਹੋ ਕੇ, ਦ੍ਰਿੜਤਾ ਤੇ ਦਲੇਰੀ ਨਾਲ ਖੜੇ ਹੋਣਾ ਹੋਵੇਗਾ। ਕਿਸੇ ਤਰਾਂ ਦੀ ਝਿਜਕ ਜਾਂ ਡਾਵਾਂਡੋਲਪਨ ਇਹਨਾਂ ਤੱਤਾਂ ਦੇ ਹੀ ਹੌਸਲੇ ਵਧਾਉਣਾ ਹੈ। ਇਹਨਾਂ ਦੇ ਨਾਲ ਨਾਲ ਦੂਸਰੇ ਸਮਾਜ ਦੁਸ਼ਮਣ ਅਨਸਰ ਵੀ ਸਰ-ਗਰਮ ਹੋ ਰਹੇ ਹਨ ਅਤੇ ਲੁਟਮਾਰ, ਖੋਹਾਂ, ਚੋਰੀਆਂ, ਡਾਕੇ ਦੀਆਂ ਕਾਰਵਾਈਆਂ ਕਰ ਰਹੇ ਹਨ। ਪਿੰਡ ਪਿੰਡ ਗਲੀ, ਗਲੀ, ਸ਼ਹਿਰ ਸਮੁਚੇ ਪੰਜਾਬੀਆਂ ਨੂੰ ਰਲਕੇ, ਇਕਮੁਠ ਹੋ ਕੇ ਇਹਨਾਂ ਤੱਤਾਂ ਨੂੰ ਨਖੇੜਣ ਲਈ ਸਰਗਰਮ ਹੋਣਾ ਹੋਵੇਗਾ। ਇਸ ਦੇ ਨਾਲ ਹੀ ਪੰਜਾਬ ਸਰਕਾਰ ਨੂੰ ਅਮਨ ਕਾਨੂੰਨ ਦੀ ਰਾਖੀ ਦੀ ਜ਼ੁੰਮੇਵਾਰੀ ਨਿਭਾ-ਉਣੀ ਹੋਵੇਗੀ। ਅਕਾਲੀ ਦਲ ਨੂੰ ਲੋਕਾਂ ਵਲੋਂ ਮਿਲੇ ਫਤਵੇ ਤੇ ਪੂਰਾ ਉਤਰਨਾ ਹੋਵੇਗਾ।

ਜੇਹੜੇ ਅਕਾਲੀ ਆਗੂ ਤੇ ਵਰਕਰ ਇਸ ਨਾਜ਼ੁਕ ਘੜੀ ਆਪਣੇ ਸੌੜੇ ਹਿੱਤਾਂ ਖਾਤਰ ਬਰਨਾਲਾ ਸਰਕਾਰ ਵਿਰੁਧ ਮੌਕਾ-ਪ੍ਰਸਤ ਸਟੈਂਡ ਲੈ ਰਹੇ ਹਨ ਅਤੇ ਅਕਾਲੀ ਦਲ ਨੂੰ ਫੁਟ ਦਾ ਸ਼ਿਕਾਰ ਬਣਾ ਰਹੇ ਹਨ। ਉਹ ਪੰਜਾਬ ਪੰਜਾਬੀਆਂ ਅਤੇ ਦੇਸ਼ ਨਾਲ ਧਰੋਹ ਕਮਾਉਣ ਵਾਲੇ ਤੱਤਾਂ ਦੇ ਹੌਸਲੇ ਵਧਾਉਣ ਦਾ ਖਤਰਨਾਕ ਕੰਮ ਕਰ ਰਹੇ ਹਨ। ਉਹ ਨਾ ਸਿਖ ਫਿਰਕੇ ਦਾ ਭਲਾ ਕਰ ਰਹੇ ਹਨ ਨਾ ਹੀ ਧਾਰਮਿਕ ਅਸਥਾਨਾਂ ਦੀ ਪਵਿਤਰਤਾ ਦੀ ਰਾਖੀ ਕਰ ਰਹੇ ਹਨ ਪੰਜਾਬ ਵਿਚ ਹਿੰਦੂਆਂ ਤੇ ਸਿੱਖਾਂ ਦੋਵਾਂ ਫਿਰਕਿਆਂ ਵਿਚ ਪਸਰੀ ਫਿਰਕਾਪ੍ਰਸਤੀ ਨੂੰ ਖਤਮ ਕਰਕੇ ਹੀ ਦੋਵਾਂ ਫਿਰਕਿਆਂ ਦੇ ਲੋਕਾਂ ਦੇ ਹਿਤਾਂ ਦੀ ਰਾਖੀ ਹੋ ਸਕਦੀ ਹੈ। ਅਸੁਰਖਿਆ ਖਤਮ ਹੋ ਸਕਦੀ ਹੈ ਅਤੇ ਪੰਜਾਬ ਨੂੰ ਮੁੜ ਉਨਤੀ ਦੇ ਰਾਹ ਪਾਇਆ ਜਾ ਸਕਦਾ ਹੈ। ਇਹ ਕੰਮ ਸਾਰੇ ਪੰਜਾਬੀਆਂ ਨੂੰ ਰਲਕੇ ਇਕਮੁਠ ਹੋ ਕੇ ਕਰਨਾ ਹੈ। ਖੱਬੀਆਂ ਸ਼ਕਤੀਆਂ ਨੂੰ ਪਹਿਲ ਕਦਮੀ ਲੈ ਕੇ, ਪੰਜਾਬੀਆਂ ਨੂੰ ਇਸ ਵੰਗਾਰ ਦਾ ਟਾਕਰਾ ਕਰਨ ਲਈ ਇਕਮੁਠ ਕਰਨ ਅਤੇ ਲਾਮਬੰਦ ਕਰਨ ਦੇ ਕੰਮ ਨੂੰ ਨੇਪਰੇ ਚਾੜਨ ਲਈ ਸਰਗਰਮ ਹੋਣਾ ਚਾਹੀਦਾ ਹੈ।

• • •

## ਸੰਖੇਪ ਜੀਵਨ :
## ਸਾਥੀ ਗੋਪਾਲ ਸਿੰਘ ਠੱਠਾ



ਸਾਥੀ ਗੋਪਾਲ ਸਿੰਘ ਜੀ ਠੱਠਾ ਵਾਈਸ ਪਰਧਾਨ ਜ਼ਿਲਾ ਗੁਰਦਾਸਪੁਰ ਕਿਸਾਨ ਸਭਾ ਤੇ ਮੈਂਬਰ ਤਸੀਲ ਕਮੇਟੀ ਸੀ. ਪੀ. ਆਈ. (ਐਮ) ਬਟਾਲਾ ਮਿਤੀ 26-4-86 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਹਨਾਂ ਦੀ ਯਾਦ ਵਿਚ ਮਿਤੀ 5-5-86 ਨੂੰ ਉਹਨਾ ਦੇ ਪਿੰਡ ਠੱਠਾ ਵਿਖੇ ਸੋਕ ਸਭਾ ਕੀਤੀ ਗਈ। ਜਿਸਦੇ ਵਿਚ ਦੋ ਹਜ਼ਾਰ ਦੇ ਕਰੀਬ ਔਰਤਾਂ ਤੇ ਮਰਦਾਂ ਨੇ ਸਮੂਹੀਲੀਅੱਤ ਕੀਤੀ।

ਅੱਜ ਪੰਜਾਬ ਦੀ ਸਥਿਤੀ ਬਹੁਤ ਹੀ ਗੰਭੀਰ ਹੈ ਹਰ ਰੋਜ ਹੀ ਬੇਗੁਨਾਹਾਂ ਅਤੇ ਮਾਸੂਮ ਲੋਕਾਂ ਦੇ ਕਤਲ ਕੀਤੇ ਜਾ ਰਹੇ ਹਨ। ਫਿਰਕੂ ਜ਼ਹਿਰ ਨੇ ਲੋਕਾਂ ਵਿਚ ਫਿਰਕੂ ਵੰਡ ਜੋਬਨ ਤੇ ਪੁਚਾ ਦਿੱਤੀ ਹੈ। ਇਹੋ ਜਿਹੇ ਸਮੇਂ ਸਾਥੀ ਗੋਪਾਲ ਸਿੰਘ ਦਾ ਸਾਡੀਆਂ ਸਫਾਂ ਵਿਚ ਮੌਜੂਦ ਹੋਣਾ ਜਰੂਰੀ ਸੀ। ਉਹਨਾਂ ਦੀ ਮੌਤ ਨੇ ਪਾਰਟੀ ਸਫਾਂ ਵਿਚ ਬੜੀ ਘਾਟ ਪੈਦਾ ਕਰ ਦਿਤੀ ਹੈ ਜਿਹੜੀ ਕਿ ਪੂਰੀ ਕਰਨਾ ਬਹੁਤ ਮੁਸ਼ਕਲ ਹੈ।


**Garrison Beatty & Godoy Insurance**

GENI **Agencies Ltd.**

**ਕਾਰਾਂ, ਵੈਨਾਂ, ਟਰੱਕਾਂ**
**ਜਾਂ ਹੋਰ ਹਰ ਤਰ੍ਹਾਂ ਦੀ ਇਨਸ਼ੋਰੈਂਸ**
**ਕਰਾਉਣ ਲਈ ਸਾਡੇ ਪਾਸ ਦਰਸ਼ਨ ਦਿਓ**

5258 - Rumble St., South Burnaby, B.C. V5J 2B6

Ph. 437-0033

**6653 - Victoria Dr., Vancouver, B.C. V5P 3Y2**

**Ph. 321-6557**



BALDEV SANGRA

2nd class Mail Reg. No. 6794
Monthly Magazine
The lokta
P.O.Box 67534 STN.'O'
VANCOUVER, B.C. V5W 3T9




SHAN SAREES & DRAPERY LTD.

ਪੰਜਾਬੀ ਮਾਰਕਿਟ ਵਿੱਚ ਆਉਣ ਸਮੇਂ ਹੋਰ ਛਾਂਗੀਆਂ ਗਈਆਂ ਕੀਮਤਾਂ ਤੇ ਨਵੇਂ ਪੁੱਜੇ ਮਾਲ ਨੂੰ ਦੇਖੇ ਬਗੈਰ ਨਾ ਜਾਓ!!!

ਪੰਜਾਬੀ ਮਾਰਕੀਟ ਵਿਚ
ਸੂਟ - ਸਾੜ੍ਹੀਆਂ ਅਤੇ ਵਧੀਆ ਪਰਦੇ ਬਣਵਾਉਣ ਲਈ ਇਕ ਭਰੋਸੇਯੋਗ ਸਟੋਰ

ਪਰਦਿਆਂ ਅਤੇ ਡਰੇਪਰੀ ਟਰੈਕ ਦੇ ਲਗਵਾਣ ਦੇ ਮੁਫਤ ਐਸਟੀਮੇਟ ਲਈ ਅਸੀਂ ਹਮੇਸ਼ਾ ਹਾਜ਼ਰ ਹਾਂ

ਪਰਦਿਆਂ ਦੇ ਕਪੜਿਆਂ 'ਤੇ ਹਮੇਸ਼ਾ ਹੀ ਕੁਝ ਨਾ ਕੁਝ ਜ਼ਰੂਰ OFF ਮਿਲਦਾ ਹੈ।

ਕੋਈ ਵੀ ਚੀਜ਼ ਖ੍ਰੀਦਣ ਤੋਂ ਪਹਿਲਾਂ ਸਾਡੀਆਂ ਕੀਮਤਾਂ ਨੂੰ ਚੈਕ ਜ਼ਰੂਰ ਕਰੋ
ਤੁਹਾਨੂੰ ਜੀ ਆਇਆਂ ਅਤੇ ਚੰਗੀ ਸਰਵਿਸ ਦੇਣ ਲਈ ਸਾਡਾ ਸਟਾਫ ਹਮੇਸ਼ਾ ਖੁਸ਼ੀ ਮਹਿਸੂਸ ਕਰੇਗਾ।

ਸ਼ਾਨ ਸਾੜ੍ਹੀਜ਼ ਐਂਡ ਡਰੇਪਰੀ ਲਿਮਿ:

6543 MAIN ST. [BETWEEN 49TH. & 50TH.]
VANCOUVER, PH: 321-1955. 321-0847